

₹15/-
Hansti Duniya (Punjabi)
Vol. 42
No. 09
September 2018
ਹੰਸਤੀ ਦੁਨੀਆ



ਸਭ ਤੋਂ ਪਹਿਲਾਂ

## ਸੱਚੀ ਸ਼ਰਧਾਂਜ਼ਲੀ

**4**


# ਹੱਸਤੀ ਦੁਨੀਆ

• Vol. 42 • ਅੰਕ : 09 • ਸਤੰਬਰ 2018 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009









*Chief Editor :*
*Harjeet Nishad*

*Editor (Honorary)*
Sulekh Singh 'Sathi'

**Email:** editorial@nirankari.org

**Ph.:** 011-47660200
**Fax:** 011-27608215
**Website:** http//www.nirankari.org
kids.nirankari.org



## Subscription Value

| | India/ Nepal | UK | Europe | USA | Canada/ Australia |
|---|---|---|---|---|---|
| Annual | Rs.150 | £15 | € 20 | $25 | $30 |
| 5 Years | Rs.700 | £70 | € 95 | $120 | $140 |

Other Countries

Equivalent to U.S. Dollars as mentioned above.


## ਸਤੰਭ


| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 10 |
| ਹਾਸਾ-ਖੇੜਾ | 16 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 19 |
| ਕੀ ਤੁਸੀਂ ਜਾਣਦੇ ਹੋ? | 27 |
| ਰੰਗ ਭਰੋ ਪ੍ਰਤੀਯੋਗਿਤਾ | 38 |
| ਕਦੇ ਨਾ ਭੁੱਲੋ | 42 |
| ਬੁੱਧੀ ਦੀ ਪਰਖ | 50 |




## ਚਿੱਤਰਕਥਾਵਾਂ


| | |
|---|---|
| ਕਿੱਟੀ | 20 |
| ਦਾਦਾ ਜੀ | 46 |



















## ਕਹਾਣੀਆਂ

ਪਛਤਾਵਾ
– ਭੁਪਿੰਦਰ ਸਿੰਘ ਆਸ਼ਟ 6
ਸੱਪ ਅਤੇ ਕੀੜੀਆਂ
– ਅਮਨਪ੍ਰੀਤ 12
ਸੰਗਤ ਦਾ ਫਲ
– ਅਭੈ ਨਿਰੰਕਾਰੀ 24
ਮਿਹਨਤ ਹੀ ਜੀਵਨ ਹੈ
– ਸੁਸ਼ੀਲਾ 28
ਆਜੜੀ ਅਤੇ ਮੇਮਣਾ
– ਸੀਤਾਰਾਮ ਗੁਪਤਾ 32
ਕਲਾ ਦਾ ਪਾਰਖੀ
– ਵਿਭਾ ਵਰਮਾ 35
ਨਜਰੀਆ
– ਨਿਰਮਲ ਪ੍ਰੇਮੀ 36
ਨਮਕ ਦੀ ਲਾਜ
– ਜਗਦੀਸ਼ ਕੌਸ਼ਿਕ 44

## ਗੀਤ-ਕਵਿਤਾਵਾਂ

ਬੀਬਾ ਰਾਣਾ ਬਾਲਕ
– ਪ੍ਰਿਤਪਾਲ ਢਿੱਲੋਂ 5
ਬੱਚਿਓ ! ਆਓ ਯੋਗਾ ਕਰੀਏ
– ਸੁਰਜੀਤ ਦੇਵਲ 11
ਰਸ ਇਕੱਠਾ ਕਰਦੀ ਹੈ
– ਏ.ਪੀ ਨਿਰੰਕਾਰੀ 18
ਰੰਗ-ਬਿਰੰਗੀ ਤਿਤਲੀ
– ਰਣਜੀਤ ਆਜ਼ਾਦ 26
ਪੰਛੀ
– ਸੁੰਦਰਪਾਲ ਪ੍ਰੇਮੀ 34
ਰੁੱਖ
– ਬਲਵਿੰਦਰ ਬਾਲਮ 39
ਪਿਆਰੇ ਬੱਚੇ
– ਪ੍ਰਤੀਕਸ਼ਾ ਅਤੇ ਸੁਦੀਕਸ਼ਾ 43




## ਵਿਸ਼ੇਸ਼ ਲੇਖ

ਉਡੱਣ ਵਾਲੀ ਕਾਰ...
– ਕਿਰਨ ਬਾਲਾ 9
ਰੋਟੀ ਦਾ ਦਿਲਚਸਪ ਇਤਿਹਾਸ
– ਦੀਦੀ ਨੈਨਤਾਰਾ 15
ਸਾਡੀਆਂ ਨਦੀਆਂ
– ਅੰਕੁਸ਼ੀ 30
ਜਲ ਪੰਛੀ ਹੰਸ
– ਡਾ. ਭਾਰਦਵਾਜ 33
ਵਿਸ਼ਵ ਵਿਚ ਬੱਚਿਆਂ ਦਾ ਸਥਾਨ
– ਸੀ.ਐਲ ਗੁਲਾਟੀ 40

ਸਭ ਤੋਂ ਪਹਿਲਾਂ

# ਸੱਚੀ ਸ਼ਰਧਾਂਜ਼ਲੀ



ਸਕੂਲ ਵਿਚ ਅਜ ਸਨਾਟਾ ਛਾਇਆ ਹੋਇਆ ਸੀ। ਬਚਿਆਂ ਦੇ ਚਿਹਰਿਆਂ ਤੇ ਮਾਯੂਸੀ ਅਤੇ ਉਦਾਸੀ ਸਾਫ ਝਲਕ ਰਹੀ ਸੀ। ਕੁਝ ਅਧਿਆਪਕਾਂ ਅਤੇ ਬਚਿਆਂ ਦੀਆਂ ਅੱਖਾਂ ਵਿੱਚ ਅਥਰੂ ਵੀ ਨਜ਼ਰ ਆ ਰਹੇ ਸਨ। ਸੁਭਾਵਿਕ ਹੀ ਸੀ ਕਿ ਉਨ੍ਹਾਂ ਦੇ ਪ੍ਰਿੰਸੀਪਲ ਜੋ ਅਨੇਕਾਂ ਸਾਲਾਂ ਤੋਂ ਉਨ੍ਹਾਂ ਨੂੰ ਸਕੂਲੀ ਵਿਦਿਆ ਅਤੇ ਨੈਤਿਕ ਸਿਖਿਆ ਪ੍ਰਦਾਨ ਕਰਦੇ ਰਹੇ ਸਨ, ਉਹ ਹੁਣ ਇਸ ਦੁਨੀਆ ਤੋਂ ਰੁਖਸਤ ਹੋ ਗਏ ਸਨ। ਪਿਛਲੇ ਕੁਝ ਸਮੇਂ ਤੋਂ ਸਰੀਰਕ ਰੂਪ ਵਿਚ ਠੀਕ ਨਾ ਹੋਣ ਦੇ ਬਾਵਜੂਦ ਵੀ ਉਹ ਨਿਰੰਤਰ ਸਕੂਲ ਅਤੇ ਬਚਿਆਂ ਦਾ ਮਾਰਗਦਰਸ਼ਨ ਕਰਨ ਵਿਚ ਅਪਣਾ ਯੋਗਦਾਨ ਦੇ ਰਹੇ ਸਨ। ਸੱਭ ਤੋਂ ਵੱਧ ਮਹੱਤਵਪੂਰਣ ਗੱਲ ਤਾਂ ਉਨ੍ਹਾਂ ਬਾਰੇ ਇਹ ਸੀ ਕਿ ਸਿਹਤ ਠੀਕ ਨਾ ਹੋਣ ਕਾਰਣ ਉਨ੍ਹਾਂ ਕੁਝ ਸਮਾਂ ਪਹਿਲਾਂ ਹੀ ਪੂਰੀ ਮਰਿਯਾਦਾ ਅਤੇ ਨਿਯਮਾਂ ਦਾ ਪਾਲਨ ਕਰਦੇ ਹੋਏ ਸਕੂਲ ਦੇ ਹੀ ਇਕ ਹੋਨਹਾਰ ਅਤੇ ਯੋਗ ਅਧਿਆਪਕ ਦੀ ਨਿਯੁਕਤੀ ਪ੍ਰਿੰਸੀਪਲ ਰੂਪ ਵਿਚ ਕਰਵਾ ਦਿਤੀ ਸੀ ਤਾਂਕਿ ਬਚਿਆਂ ਦੀ ਪੜਾਈ ਦੇ ਕੰਮ ਵਿਚ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਆਏ ਅਤੇ ਸਕੂਲ ਦਾ ਡਿਸਿਪਲਨ ਅਤੇ ਸ਼ੋਭਾ ਉਸੀ ਤਰ੍ਹਾਂ ਬਰਕਰਾਰ ਰਹੇ।

ਇਸ ਸਭ ਦੇ ਬਾਜਵੂਦ ਵੀ ਜਿਵੇਂ ਹੀ ਉਨ੍ਹਾਂ ਦੇ ਸਰੀਰਕ ਵਿਛੋੜੇ ਦੀ ਖਬਰ ਸਕੂਲ ਵਿਚ ਪਹੁੰਚੀ, ਸਾਰੀਆਂ ਕਲਾਸਾਂ ਦੇ ਬੱਚੇ ਉਦਾਸ ਚਿਹਰੇ ਲਈ ਸਕੂਲ ਦੇ ਗ੍ਰਾਉਂਡ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਉਹ ਇਕ ਦੂਜੇ ਨਾਲ ਪ੍ਰਿੰਸੀਪਲ ਸਾਹਿਬ ਬਾਰੇ ਅਪਣੇ ਅਪਣੇ ਅਨੁਭਵਾਂ ਦਾ ਜਿਕਰ ਕਰਦੇ ਹੋਏ; ਇਕ ਦੂਜੇ ਨੂੰ ਸਾਂਤਵਨਾ ਵੀ ਦੇ ਰਹੇ ਸਨ ਅਤੇ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਅਪਨਾਈ ਰਖਣ ਦਾ ਸੰਕਲਪ ਵੀ ਲੈਂਦੇ ਨਜ਼ਰ ਆ ਰਹੇ ਸਨ।

ਦੇਖਦੇ-ਦੇਖਦੇ ਪੂਰਾ ਗ੍ਰਾਊਂਡ ਬਚਿਆਂ ਨਾਲ ਭਰ ਗਿਆ। ਸਾਰੇ ਅਧਿਆਪਕ ਵੀ ਗ੍ਰਾਉਂਡ ਵਿਚ ਹੀ ਇਕੱਠੇ ਹੋਣ ਲਗੇ। ਜਦ ਸਾਰੇ ਭਾਵੁਕਤਾ ਭਰੇ ਦਿਲ ਅਤੇ ਹੰਝੂਆਂ ਨਾਲ ਭਰੀਆਂ ਅਖਾਂ ਲੈ ਕੇ ਇਕੱਠੇ ਹੋ ਗਏ ਤਾਂ ਨਵੇਂ ਪ੍ਰਿੰਸੀਪਲ ਸਾਹਿਬ ਨੇ ਆ ਕੇ ਕਹਿਣਾ ਸ਼ੁਰੂ ਕੀਤਾ –

ਪਿਆਰੇ ਬਚਿਓ! ਸਾਡਾ ਸਾਰਿਆਂ ਦਾ ਇਸ ਤਰ੍ਹਾਂ ਭਾਵੁਕ ਹੋਣਾ ਸੁਭਾਵਕ ਹੈ। ਜਿਹੜੇ ਪ੍ਰਿੰਸੀਪਲ ਸਾਹਿਬ ਨੇ ਸਾਲਾਂ ਬਦੀ ਸਾਨੂੰ ਸੱਭ ਨੂੰ ਅਨੁਸ਼ਾਸ਼ਨ, ਮਿਲਵਰਤਣ, ਪ੍ਰੇਮ ਦੇ ਨਾਲ-ਨਾਲ ਵਿਦਿਅਕ ਰੂਪ ਵਿਚ ਸਮਰਥ ਬਣਾਉਣ ਦੇ ਜਤਨ ਕੀਤੇ, ਜਿਨ੍ਹਾਂ ਦੇ ਮਾਰਗਦਰਸ਼ਨ ਵਿਚ ਇਸ ਵਿਦਿਆਲੇ ਨੇ ਦੁਨੀਆ ਵਿਚ ਅਪਣਾ ਸੁੰਦਰ ਨਾਮ ਕਾਇਮ ਕੀਤਾ, ਜਿਨ੍ਹਾਂ ਅਪਣੇ ਆਰਾਮ ਦੀ ਪ੍ਰਵਾਹ ਕੀਤੇ ਬਗੈਰ ਹਰ ਸਮੇਂ ਸਾਨੂੰ ਯੋਗ ਬਣਾਉਣ ਦੇ ਜਤਨ ਕੀਤੇ; ਉਨ੍ਹਾਂ ਦੇ ਨਜਰਾਂ ਤੋਂ ਅਲੋਪ ਹੋ ਜਾਣ ਦਾ ਦੁਖ ਤਾਂ ਸਾਰਿਆਂ ਨੂੰ ਹੈ ਪਰ ਇਹ ਯਾਦ ਰਖੋ, ਪ੍ਰਿੰਸੀਪਲ ਸਾਹਿਬ ਦੇ ਸਰੀਰ ਰੂਪ ਵਿਚ ਅਲੋਪ ਹੋ ਜਾਣ ਨਾਲ ਵਿਦਿਆ ਅਲੋਪ ਨਹੀ ਹੋਈ, ਉਹ ਅਜ ਵੀ ਕਾਇਮ ਹੈ ਅਤੇ ਹਮੇਸ਼ਾ ਕਾਇਮ ਰਹੇਗੀ ਅਸੀਂ ਇਥੇ ਉਹ ਵਿਦਿਆ ਗ੍ਰਹਿਣ ਕਰਨ ਲਈ ਹੀ ਆਉਂਦੇ ਹਾਂ। ਸੋ ਬਚਿਓ, ਸੰਕਲਪ ਲਓ ਕਿ ਅਜ ਤੋਂ ਹੋਰ ਜ਼ਿਆਦਾ ਲਗਨ, ਮਿਹਨਤ ਅਤੇ ਸਮਰਪਣ ਭਾਵ ਨਾਲ ਵਿਦਿਆ ਗ੍ਰਹਿਣ ਕਰਾਂਗੇ, ਇਹੀ ਉਨ੍ਹਾਂ ਪ੍ਰਤੀ ਸਾਡੀ ਸੱਚੀ ਸ਼ਰਧਾਂਜ਼ਲੀ ਹੋਏਗੀ।

ਸੁਲੇਖ 'ਸਾਥੀ'
ssathi_2007@yahoo.com

❑ ਪ੍ਰਿਤਪਾਲ ਢਿਲੋਂ

# ਬੀਬਾ ਰਾਣਾ ਬਾਲਕ



ਜਿਹੜਾ ਬਾਲਕ ਬੀਬਾ ਰਾਣਾ,
ਪੜ੍ਹ ਲਿਖ ਬਣਦਾ ਬਹੁਤ ਸਿਆਣਾ।

ਉਠ ਸਵੇਰੇ ਦਾਤਣ ਕਰਕੇ,
ਪੀਵੇ ਦੁੱਧ ਗਿਲਾਸੀ ਭਰ ਕੇ।
ਨਹਾ ਧੋ ਕੇ ਫਿਰ ਵਰਦੀ ਪਾ ਕੇ,
ਸਭ ਕੁਝ ਬਸਤੇ ਵਿਚ ਟਿਕਾ ਕੇ।

ਮਾਤਾ-ਪਿਤਾ ਪੈਰੀਂ ਹੱਥ ਲਾਵੇ,
ਨਿਉਂ ਕੇ ਸਭ ਨੂੰ ਸੀਸ ਝੁਕਾਵੇ।
ਘਰ ਦਾ ਕੰਮ ਕਰਦਾ ਘਰ ਆ ਕੇ,
ਖੇਡੇ ਫਿਰ ਮਿੱਤਰਾਂ ਵਿਚ ਜਾ ਕੇ।

ਵੇਲੇ ਸਿਰ ਹਰ ਕੰਮ ਮੁਕਾਵੇ,
ਤਾਂ ਹੀ ਅੱਗੇ ਵੱਧਦਾ ਜਾਵੇ।
ਵੱਡਿਆਂ ਦਾ ਸਤਿਕਾਰ ਕਰੇ ਉਹ,
ਨਿੱਕਿਆਂ ਨਾਲ ਪਿਆਰ ਕਰੇ ਉਹ।

ਮਾਤਾ ਪਿਤਾ ਦੀ ਹਰ ਗੱਲ ਮੰਨੇ,
ਉਸ ਦੀ ਸੋਭਾ ਚਾਰੇ-ਬੰਨੇ।
ਡਾਢਾ ਪਿਆਰਾ ਹੈ ਉਹ ਬੱਚਾ।
'ਢਿੱਲੋਂ' ਮਨ ਦਾ ਸੁੱਚਾ-ਸੱਚਾ।।

ਭੁਪਿੰਦਰ ਸਿੰਘ ਆਸ਼ਟ

# ਪਛਤਾਵਾ

ਜੱਗੀ ਦਾ ਮਨ ਪੜ੍ਹਾਈ ਵਿਚ ਬਿਲਕੁਲ ਵੀ ਨਹੀਂ ਸੀ ਲਗਦਾ। ਜੱਗੀ ਦੇ ਬਾਬਾ ਜੀ ਨੇ ਉਸ ਨੂੰ ਬੜੇ ਹੀ ਪਿਆਰ ਨਾਲ ਸਮਝਾਇਆ ਸੀ, 'ਬੇਟਾ ਜੱਗੀ, ਤੂੰ ਦਿਲ ਲਾ ਕੇ ਪੜ੍ਹਾਈ ਕਰਿਆ ਕਰ ਅੱਜ ਦੇ ਜਮਾਨੇ ਵਿਚ ਅਨਪੜ੍ਹ ਬੰਦੇ ਦੀ ਕੋਈ ਕਦਰ ਨਹੀਂ ਹੈ। ਅਨਪੜ੍ਹ ਲੋਕਾਂ ਦੀ ਤੁਲਨਾ ਤਾਂ ਲੋਕੀ ਪਸ਼ੂਆਂ ਨਾਲ ਹੀ ਕਰਦੇ ਹਨ। ਸਿਆਣੇ ਤਾਂ ਇਹ ਵੀ ਕਹਿੰਦੇ ਹਨ ਕਿ ਵਿਦਿਆ ਮਨੁੱਖ ਦਾ ਤੀਜਾ ਨੇਤਰ ਹੈ।

ਪਰੰਤੂ ਜੱਗੀ ਦੇ ਮਨ ਤੇ ਆਪਣੇ ਬਾਬਾ ਜੀ ਦੀਆਂ ਇਹਨਾਂ ਕੀਮਤੀ ਗੱਲਾਂ ਦਾ ਕੋਈ ਅਸਰ ਨਹੀਂ ਸੀ। ਜੱਗੀ ਦੇ ਸਕੂਲ ਦੇ ਕੋਲ ਹੀ ਇਕ ਟੋਭਾ ਸੀ। ਉਸ ਟੋਭੇ ਦੇ ਨੇੜੇ ਹੀ ਕਈ ਛਾਂਦਾਰ ਰੁੱਖ ਸਨ। ਪਿੰਡ ਦੇ ਪਾਲੀ ਮੁੰਡੇ ਰੋਜ਼ਾਨਾ ਹੀ ਆਪੋ-ਆਪਣੇ ਡੰਗਰ ਉਥੇ ਲਿਆਉਂਦੇ ਸਨ ਤੇ ਉਹਨਾਂ ਨੂੰ ਟੋਭੇ ਵਿਚ ਵਾੜ ਕੇ ਆਪ ਵੀ ਟੋਭੇ ਵਿਚ ਨਹਾਉਂਦੇ ਸਨ। ਜੱਗੀ ਦੀ ਸੀਟ ਇਕ ਖਿੜਕੀ ਦੇ ਕੋਲ ਸੀ। ਇਸ ਲਈ ਕਲਾਸ ਵਿਚ ਬੈਠੇ ਜੱਗੀ ਨੂੰ ਇਹ ਨਜ਼ਾਰਾ ਬਿਲਕੁਲ ਸਪਸ਼ਟ ਦਿਸਦਾ ਸੀ। ਜੱਗੀ ਨੂੰ ਪਾਲੀਆਂ ਦੀ ਬੇਫਿਕਰ ਜ਼ਿੰਦਗੀ ਬਹੁਤ ਚੰਗੀ ਲੱਗੀ। ਉਸਦਾ ਬੜਾ ਦਿਲ ਕਰਦਾ ਸੀ ਕਿ ਉਹ ਵੀ ਇਨ੍ਹਾਂ ਪਾਲੀਆਂ ਵਿਚ ਜਾ ਰਲੇ ਤੇ ਟੋਭੇ ਵਿਚ ਖ਼ੂਬ ਤਾਰੀਆਂ ਲਾਵੇ। ਉਹ ਪੜ੍ਹਾਈ ਵੱਲੋ ਦਿਨ ਪਰ ਦਿਨ ਅਵੇਸਲਾ ਹੁੰਦਾ ਗਿਆ। ਅਖੀਰ ਉਸ ਨੇ ਸਕੂਲ ਜਾਣਾ ਵੀ ਛੱਡ ਦਿੱਤਾ।

ਜੱਗੀ ਦੇ ਬਾਬਾ ਜੀ ਨੇ ਉਸ ਨੂੰ ਫੇਰ ਸਮਝਾਇਆ ਪਰ ਉਸ ਦੇ ਕੰਨ ਤੇ ਤਾਂ ਜੂੰ ਵੀ ਨਹੀਂ ਸੀ ਸਰਕਦੀ। ਹਾਰ ਕੇ ਉਸ ਦੇ ਬਾਬਾ ਜੀ ਨੇ ਉਸ ਨੂੰ ਡੰਗਰ ਚਰਾਉਣ ਤੇ ਹੀ ਲਾ ਦਿੱਤਾ। ਜੱਗੀ ਵੀ ਤਾਂ ਇਹੀ ਚਾਹੁੰਦਾ ਸੀ। ਉਸਦੇ ਮਨ ਦੀ ਮੁਰਾਦ ਪੂਰੀ ਹੋ ਗਈ। ਹੁਣ ਉਹ ਸਵੇਰੇ ਨੌ ਵਜੇ ਆਪਣੇ ਘਰ ਦੀਆਂ ਮੱਝਾਂ-ਗਾਵਾਂ ਹੱਕਦਾ, ਤੇ ਸਕੂਲ ਨੇੜਲੇ ਟੋਭੇ ਤੇ ਲੈ ਜਾਂਦਾ। ਉਥੇ ਉਹ ਹੋਰਨਾਂ ਪਾਲੀਆਂ ਨਾਲ ਡੰਗਰ ਚਾਰਦਾ, ਟੋਭੇ ਵਿਚ ਨਹਾਉਂਦਾ, ਕਈ ਤਰ੍ਹਾਂ ਦੀਆਂ ਖੇਡਾਂ ਖੇਡਦਾ ਤੇ ਬੇਮਤਲਬ ਹੀ ਦਰਖਤਾਂ ਤੇ ਚੜ੍ਹਦਾ ਰਹਿੰਦਾ। ਇਸ ਨਾਲ ਜੱਗੀ ਨੂੰ ਕੋਈ ਅਣਜਾਣੀ ਖੁਸ਼ੀ ਮਿਲਦੀ।





ਇਕ ਦਿਨ ਜੱਗੀ ਕੁਝ ਸਵਖਤੇ ਹੀ ਆਪਣੀਆਂ ਮੱਝਾਂ-ਗਾਵਾਂ ਟੋਭੇ ਤੇ ਲੈ ਕੇ ਆਇਆ। ਪਿੰਡ ਦੇ ਦੂਜੇ ਪਾਲੀ ਅਜੇ ਡੰਗਰ ਲੈ ਕੇ ਨਹੀਂ ਆਏ ਸਨ। ਉਹ ਐਵੇਂ ਹੀ ਬੇਮਤਲਬ ਇਕ ਪੁਰਾਣੇ ਜਿਹੇ ਬੋਹੜ ਤੇ ਜਾ ਚੜ੍ਹਿਆ। ਅਚਾਨਕ ਹੀ ਉਸਦੀ ਨਜ਼ਰ ਬੋਹੜ ਦੇ ਤਣੇ ਵਿਚ ਬਣੀ ਹੋਈ ਇਕ ਖੁੱਡ ਤੇ ਪਈ। ਚੰਚਲ ਜੱਗੀ ਨੂੰ ਇਹ ਸਮਝਦਿਆਂ ਦੇਰ ਨਾ ਲੱਗੀ ਕਿ ਇਹ ਤੋਤਿਆਂ ਦੀ ਖੁੱਡ ਸੀ। ਅਜੇ ਉਹ ਕੁਝ ਸੋਚ ਹੀ ਰਿਹਾ ਸੀ ਕਿ ਬਾਹਰੋਂ ਇਕ ਤੋਤਾ ਉਡੱਦਾ ਹੋਇਆ ਆਇਆ ਤੇ ਉਸ ਖੁੱਡ ਅੰਦਰ ਚਲਾ ਗਿਆ।

ਜੱਗੀ ਦੇ ਮਨ ਵਿਚ ਉਸਨੂੰ ਫੜਨ ਦੀ ਤਮੰਨਾ ਹੋਈ, ਉਸ ਨੇ ਬਿਨਾਂ ਸੋਚੇ ਹੀ ਖੁੱਡ ਵਿਚ ਹੱਥ ਪਾ ਦਿੱਤਾ ਪਰ ਉਸ ਦੀ ਚੀਕ ਨਿਕਲ ਗਈ। ਤੋਤੇ ਨੇ ਉਸ ਦੀ ਉਂਗਲ ਤੇ ਦੰਦੀ ਵੱਢ ਲਈ ਸੀ। ਜਦੋਂ ਉਸ ਨੇ ਖੁੱਡ ਵਿਚੋਂ ਆਪਣਾ ਹੱਥ ਬਾਹਰ ਕੱਢਿਆ ਤਾਂ ਉਂਗਲੀ ਲਹੂ-ਲੁਹਾਣ ਹੋਈ ਪਈ ਸੀ। ਤੋਤਾ ਵੀ ਬਾਹਰ ਉਡਾਰੀ ਲਾ ਗਿਆ ਸੀ।

ਉਹ ਬੋਹੜ ਤੋਂ ਥੱਲੇ ਉਤਰਿਆ।ਜਖਮੀ ਉਂਗਲ ਤੇ ਉਸ ਨੇ ਇਕ ਲੀਰ ਜਿਹੀ ਪਾਣੀ ਨਾਲ ਭਿਉਂ ਕੇ ਬੰਨ ਲਈ ਸੀ। ਜੱਗੀ ਨੂੰ ਉਸ ਤੋਤੇ ਤੇ ਬੜਾ ਗੁੱਸਾ ਸੀ। ਉਸ ਨੇ ਉਸ ਨੂੰ ਫੜਨ ਦੀ ਠਾਣ ਲਈ। ਉਹ ਤੋਤੇ ਦੀ ਉਡੀਕ ਕਰਨ ਲੱਗਾ। ਹੁਣ ਜੱਗੀ ਦਾ ਧਿਆਨ ਮੱਝਾਂ ਵੱਲੋਂ ਹੱਟ ਕੇ ਕੇਵਲ ਤੋਤੇ ਵਿਚ ਸੀ।

ਕੁਝ ਹੀ ਸਮੇਂ ਮਗਰੋ ਤੋਤਾ ਆਇਆ ਤੇ ਆਪਣੀ ਖੁੱਡ ਵਿਚ ਵੜ ਗਿਆ। ਇਹੀ ਮੌਕਾ ਤਾਂ ਜੱਗੀ ਭਾਲਦਾ ਸੀ। ਉਸ ਨੇ ਖੁੱਡ ਨੂੰ ਇਕ ਕਪੜੇ ਨਾਲ ਬੰਦ ਕਰ ਦਿੱਤਾ। ਇਸ ਪ੍ਰਕਾਰ ਤੋਤਾ ਖੁੱਡ ਵਿਚ ਦੱਬਿਆ ਗਿਆ। ਕੁਝ ਕੁ ਦੇਰ ਲੰਘਣ ਤੋਂ ਬਾਅਦ ਜੱਗੀ ਨੇ ਖੁੱਡ ਵਿਚ ਨਿਢਾਲ ਹੋਏ ਤੋਤੇ ਨੂੰ ਖੁੱਡ ਵਿਚੋਂ ਕੱਢ ਗਿਆ। ਫੇਰ ਉਹ ਮੱਝਾਂ ਨੂੰ ਟੋਭੇ ਤੇ ਛੱਡ ਕੇ ਘਰ ਵਲ ਭੱਜ ਗਿਆ। ਤੋਤੇ ਨੂੰ ਉਸ ਨੇ ਘਰ ਵਿਚ ਪਏ ਇਕ ਪਿੰਜਰੇ ਵਿਚ ਡੱਕ ਦਿੱਤਾ। ਪਿੰਜਰੇ ਵਿਚ ਉਸ ਨੇ ਡੱਕੇ ਫਸਾ ਦਿੱਤੇ। ਇਹ ਸਾਰੀ ਕਾਰਵਾਈ ਮੁਕੰਮਲ ਕਰਕੇ ਉਹ ਫੇਰ ਮੱਝਾਂ ਕੋਲ ਪਹੁੰਚ ਗਿਆ। ਆਪਣੀ ਇਸ ਕਾਮਯਾਬੀ ਤੇ ਜੱਗੀ ਬੜਾ ਖੁਸ਼ ਸੀ।

ਜੱਗੀ ਰੋਜ਼ਾਨਾ ਹੀ ਤੋਤੇ ਨੂੰ ਪਾਣੀ ਪਿਆਉਂਦਾ ਅਤੇ ਚੂਰੀ ਖਵਾਉਂਦਾ ਪਰ ਤੋਤਾ ਸਿਹਤਮੰਦ ਹੋਣ ਦੀ ਥਾਂ ਤੇ ਕਮਜ਼ੋਰ ਹੁੰਦਾ ਜਾ ਰਿਹਾ ਸੀ। ਜੱਗੀ ਨੂੰ ਇਸ ਦੀ ਰਤਾ ਵੀ ਪ੍ਰਵਾਹ ਨਹੀਂ ਸੀ। ਰੋਜ਼ ਵਾਂਗ ਜੱਗੀ ਇਕ ਰਾਤ ਸੁੱਤਾ ਪਿਆ ਸੀ। ਸੁਪਨੇ ਵਿਚ ਉਸ ਨੇ ਆਪਣੇ ਆਪ ਨੂੰ ਇਕ ਜੇਲ ਵਰਗੇ ਕਮਰੇ ਵਿਚ ਕੈਦ ਕੀਤਾ ਪਾਇਆ। ਜੱਗੀ

ਨੂੰ ਉਥੇ ਨਾ ਸਮੇਂ ਸਿਰ ਰੋਟੀ ਮਿਲਦੀ, ਨਾ ਪੀਣ ਲਈ ਪਾਣੀ। ਉਹ ਉਥੋਂ ਰਿਹਾ ਹੋਣ ਲਈ ਛਟਪਟਾਉਂਦਾ ਪਰ ਉਸਦੀ ਕੋਈ ਪੇਸ਼ ਨਹੀਂ ਜਾਦੀ। ਇਕ ਡਰਾਉਣਾ ਜਿਹਾ ਬੰਦਾ ਉਸ ਨੂੰ ਰੋਟੀ ਦੀ ਥੈਲੀ ਦੇਣ ਲਈ ਆਉਂਦਾ ਹੈ ਪਰ ਜੱਗੀ ਰੋਟੀ ਦੀ ਥਾਲੀ ਨਹੀਂ ਫੜਦਾ। ਉਹ ਬੱਸ ਆਜ਼ਾਦੀ ਚਾਹੁੰਦਾ ਹੈ। ਡਰਾਉਣਾ ਜਿਹਾ ਬੰਦਾ ਇਕ ਜੋਰਦਾਰ ਠਹਾਕਾ ਲਗਾਉਂਦਾ ਹੈ ਤੇ ਕਹਿੰਦਾ ਹੈ ''ਆਜ਼ਾਦੀ? ਆਜ਼ਾਦ ਹੋਣਾ ਚਾਹੁੰਦਾ ਏਂ..? ਵੇਖਿਆ ਕਿਸੇ ਬੇਕਸੂਰ ਨੂੰ ਬੰਦੀ ਬਣਾਉਣ ਦਾ ਸੁਆਦ? ਜਿਵੇਂ ਤੇਰਾ ਦਿਲ ਆਜ਼ਾਦੀ ਚਾਹੁੰਦਾ ਏ, ਉਸ ਬੇਦੋਸ਼ੇ ਤੋਤੇ ਦਾ ਦਿਲ ਵੀ ਆਜਾਦ ਹੋਣਾ ਲੋਚਦਾ ਹੈ। ਉਸ ਦਾ ਦਿਲ ਵੀ ਖੁੱਲੇ ਆਸਮਾਨ ਵਿਚ ਉਡਾਰੀਆਂ ਲਾਉਣ ਨੂੰ ਕਰਦਾ ਹੈ।''

ਉਹ ਅਦਮੀ ਇਹ ਗੱਲਾਂ ਕਹਿ ਕੇ, ਉਥੋਂ ਜਾਣ ਲੱਗਾ। ਉਸ ਨੂੰ ਜਾਂਦਿਆਂ ਵੇਖ ਕੇ ਜੱਗੀ ਜ਼ੋਰ-ਜ਼ੋਰ ਦੀ ਚੀਕਣ ਲੱਗਿਆ।

ਨਹੀਂ ਨਹੀਂ ਮੈਨੂੰ ਛੱਡ ਦੇ, ਇਥੇ ਤਾਂ ਮੇਰਾ ਦਮ ਘੁਟਦਾ ਹੈ। ਮੈਂ ਤੇਰੇ ਨਾਲ ਵਾਦਾ ਕਰਦਾ ਹਾਂ ਕਿ ਇਥੋਂ ਜਾਣ ਸਾਰ ਉਸ ਨੂੰ ਰਿਹਾ ਕਰ ਦੇਵਾਂਗਾ।'' ਪਰ ਉਹ ਸੁਣਦਾ ਨਹੀਂ ! ਪਲ ਪਲ ਦੂਰ ਹੁੰਦਾ ਜਾ ਰਿਹਾ ਹੈ। ਹਿੰਮਤ ਇਕੱਠੀ ਕਰਕੇ ਜੱਗੀ ਉਚੀ-ਉਚੀ ਚੀਕਦਾ ਹੈ, ਮੈਨੂੰ ਛੱਡ ਦਿਉ।''

ਅਚਾਨਕ ਜੱਗੀ ਦੀ ਆਪਣੀ ਆਵਾਜ਼ ਨਾਲ ਹੀ ਅੱਖ ਖੁੱਲ ਗਈ। ਉਸ ਦੇ ਚਿਹਰੇ ਤੇ ਪਸੀਨਾ ਆਇਆ ਹੋਇਆ ਸੀ। ਉਸ ਨੇ ਆਸੇ ਪਾਸੇ ਨਜ਼ਰ ਫੇਰੀ ਉਥੇ ਜੇਲ ਵਰਗਾ ਤਾਂ ਕੁਝ ਵੀ ਨਹੀਂ ਸੀ। ਉਸ ਨੇ ਪ੍ਰਮਾਤਮਾ ਦਾ ਲੱਖ-ਲੱਖ ਸ਼ੁਕਰ ਮਨਾਇਆ ਕਿ ਸਾਰਾ ਕੁਝ ਇਕ ਸੁਪਨਾ ਹੀ ਸੀ।

ਪਰ ਇਸ ਸੁਪਨੇ ਨੇ ਉਸਨੂੰ ਕੁਝ ਸੋਚਣ ਲਈ ਮਜ਼ਬੂਰ ਕਰ ਦਿੱਤਾ। ਜੱਗੀ ਬਿਸਤਰੇ ਵਿਚੋ ਉਠਿਆ ਉਸ ਨੇ ਨਾ ਮੂੰਹ ਧੋਤਾ, ਤੇ ਨਾ ਹੀ ਆਪਣੀ ਮਾਂ ਤੋਂ ਚਾਹ ਦਾ ਗਿਲਾਸ ਮੰਗਿਆ। ਉਹ ਸਿੱਧਾ ਹੀ ਤੋਤੇ ਦੇ ਪਿੰਜਰੇ ਕੋਲ ਪਹੁੰਚਿਆ ਪਿੰਜਰਾ ਚੁੱਕ ਕੇ ਕੋਠੇ ਤੇ ਜਾ ਪਹੁੰਚਿਆ। ਉਸ ਨੇ ਪਿੰਜਰੇ ਦੀ ਨਿੱਕੀ ਜਿਹੀ ਤਾਕੀ ਖੋਲੀ ਤੇ ਤੋਤੇ ਨੂੰ ਆਜ਼ਾਦ ਕਰ ਦਿੱਤਾ। ਤੋਤੇ ਨੇ ਧੰਨਵਾਦੀ ਨਜ਼ਰਾ ਨਾਲ ਇਕ ਵਾਰ ਜੱਗੀ ਵਲ ਵੇਖਿਆ ਤੇ ਫੇਰ ਖੁੱਲ੍ਹੀਆਂ ਫਿਜਾਵਾਂ ਵਿਚ ਓਝਲ ਹੋ ਗਿਆ।

ਸੁਪਨੇ ਦੀ ਆਪ ਬੀਤੀ ਨੇ ਉਸ ਨੂੰ ਮਹਿਸੂਸ ਕਰਵਾ ਦਿੱਤਾ ਸੀ ਕਿ ਕਿਸੇ ਨੂੰ ਗੁਲਾਮੀ ਵਿਚ ਰਖਣਾ ਕਿਤਨਾ ਦੁਖਦਾਈ ਹੁੰਦਾ ਹੈ। ਏਸ ਮਗਰੋਂ ਜੱਗੀ ਨੇ ਖਾਲੀ ਪਿੰਜਰਾ ਖੋਲੇ ਵਿਚ ਵਗਾਹ ਮਾਰਿਆ ਸੀ।



❑ ਕਿਰਣ ਬਾਲਾ

# ਉਡੱਣ ਵਾਲੀ

## ਕਾਰ ਅਤੇ ਮੋਟਰ ਸਾਈਕਲ



ਹਵਾਈਜਹਾਜ ਦੇ ਆਉਣ ਨਾਲ ਹੀ ਇਨਸਾਨ ਉਡੱਣ ਵਾਲੇ ਬਾਕੀ ਵਾਹਨਾਂ ਦੀ ਵੀ ਕਲਪਨਾ ਕਰਨ ਲਗਾ ਸੀ। ਅਸਲੀ ਦੁਨੀਆ ਵਿੱਚ ਇਸ ਨੂੰ ਸਾਕਾਰ ਕਰਨ ਵਿੱਚ ਲੱਗੀਆਂ ਦੋ ਕੰਪਨੀਆਂ ਵਿੱਚ ਆਪਣੀ ਉੜਾਨ ਕਾਰਾਂ ਨੂੰ ਪਹਿਲਾਂ ਬਾਜ਼ਾਰ ਵਿੱਚ ਲਿਆਉਣ ਦੀ ਹੋੜ ਮੱਚੀ ਹੈ।

ਕੁਝ ਸਾਲ ਪਹਿਲਾਂ ਅਮਰੀਕੀ ਕੰਪਨੀ ਟੇਰਾਫਿਊਗੀਆ ਨੇ ਉਡੱਣ ਵਾਲੀ ਟੀਟੇਫ-ਐਕਸ ਮਾਡਲ ਨਾਮਕ ਕਾਰ ਨੂੰ 2012 ਤਕ ਬਾਜ਼ਾਰ ਵਿੱਚ ਉਤਾਰਨ ਦੀ ਘੋਸ਼ਣਾ ਕੀਤੀ ਸੀ। ਲੇਕਿਨ ਟੇਰਾਫਿਊਗਿਆ ਦੇ ਅਨੁਸਾਰ ਇਸ ਵਿੱਚ 12 ਸਾਲ ਦਾ ਸਮਾਂ ਹੋਰ ਲਗੇਗਾ। ਚਾਰ ਸੀਟ ਵਾਲੀ ਇਹ ਕਾਰ ਹਾਈਬ੍ਰਿਡ ਹੋਏਗੀ ਅਤੇ ਸੜਕਾਂ ਤੇ ਚਲਣ ਦੇ ਇਲਾਵਾ ਇਸ ਵਿੱਚ ਵਰਟੀਕਲ ਉੜਾਣ ਭਰਨ ਅਤੇ ਉਤਾਰਨ ਦੀ ਖੂਬੀ ਵੀ ਹੋਵੇਗੀ। ਉੜਾਣ ਭਰਨ ਵਿੱਚ ਸਹਾਇਕ ਇਸਦੇ ਪੰਖ ਬਟਨ ਦੁਬਾਉਂਦੇ ਹੀ ਖੁਲ੍ਹ ਜਾਣਗੇ ਅਤੇ ਪ੍ਰੋਪੇਲਰ ਹੈਲੀਕਾਪਟਰ ਦੀ ਤਰ੍ਹਾਂ ਇਹਨੂੰ ਉਪਰ ਉਠਾਉਣਗੇ। ਟੇਰਾਫਿਊਗਿਆ ਦੇ ਅਨੁਸਾਰ ਇਕ ਔਸਤ ਚਾਲਕ ਨੂੰ ਟੀਐਫ-ਐਕਸ ਨੂੰ ਚਲਾਉਣਾ ਸਿੱਖਣ ਵਿੱਚ ਕੇਵਲ ਚਾਰ ਘੰਟੇ ਦਾ ਸਮਾਂ ਲਗੇਗਾ।

ਉਥੇ ਦੂਸਰੇ ਪਾਸੇ, ਏਯਰੋਮੋਬਿਲ ਨਾਮਕ ਕੰਪਨੀ ਨੇ ਦਾਅਵਾ ਕੀਤਾ ਹੈ ਕਿ ਉਸਦੀ ਬਣਾਈ ਉੜਨਕਾਰ ਦਾ ਪ੍ਰੋਟੋਟਾਈਪ ਵੀਹ ਸਾਲ ਦੀ ਮਿਹਨਤ ਦੇ ਬਾਅਦ ਤਿਆਰ ਹੋ ਚੁੱਕਾ ਹੈ। ਉਡਦੇ ਸਮੇਂ ਇਸਦੀ ਗਤੀ 124 ਮੀਲ ਪ੍ਰਤੀ ਘੰਟਾ ਹੋਵੇਗੀ ਅਤੇ ਸੜਕਾਂ ਤੇ ਇਹ 99 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਦੌੜੇਗੀ। ਵਿਗਿਆਨਕਾਂ ਨੇ ਅਜਿਹੀਆਂ ਮੋਟਰਸਾਈਕਲਾਂ ਬਣਾ ਲਈਆਂ ਹਨ ਜੋ ਸੜਕਾਂ ਤੇ ਦੌੜਨ ਦੇ ਨਾਲ-ਨਾਲ ਹਵਾ ਵਿੱਚ ਵੀ ਉਡੱਣਗੀਆਂ। ਜੀ ਹਾਂ ਅਮਰੀਕੀ ਵਿਗਿਆਨਕ ਲੈਰੀ ਨੀਵ ਰਾਹੀਂ ਪੱਟੀਆਂ ਵਾਲੀ ਸੁਪਰ ਸਕਾਈ ਮੋਟਰਸਾਈਕਲ ਵਿੱਚ 582 ਸੀਸੀ ਦਾ ਇੰਜਨ ਅਤੇ 68 ਇੰਚ ਦੇ ਤਿੰਨ ਬਲੇਡ ਲਗਾਏ ਗਏ ਹਨ। ਇਹ ਮੋਟਰਸਾਈਕਲ 58 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾ ਵਿੱਚ 20 ਫੁੱਟ ਦੀ ਉਚਾਈ ਤਕ ਉੜਾਨ ਭਰ ਸਕਦੀ ਹੈ। ਇਕ ਵਾਰ ਪੈਟਰੋਲ ਭਰ ਜਾਣ ਦੇ ਬਾਦ ਇਹ ਪੰਜ ਘੰਟੇ ਤਕ ਹਵਾ ਵਿੱਚ ਉਡ ਸਕਦੀ ਹੈ। ਇਸ ਫਲਾਇੰਗ ਮੋਟਰਸਾਈਕਲ ਦੀ ਕੀਮਤ 40.5 ਲੱਖ ਰੁਪਏ ਹੈ। ਇਹਨੂੰ ਚਲਾਉਣ ਲਈ ਪਾਇਲਟ ਦਾ ਲਾਈਸੈਂਸ ਹੋਣਾ ਜ਼ਰੂਰੀ ਹੈ।



ਚੈਕ ਗਣਰਾਜ ਦੀ ਰਾਜਧਾਨੀ ਪ੍ਰਾਗ ਵਿੱਚ 12 ਜੂਨ 2013 ਨੂੰ ਉਡੱਣ ਵਾਲੀ ਬਾਈਕ ਦਾ ਪ੍ਰਦਰਸ਼ਨ ਫਲਾਇੰਗ ਬਾਈਕ ਦਾ ਨਿਰਮਾਣ ਚੈਕ ਡਿਜਾਈਨਰਾਂ ਅਤੇ ਫ੍ਰੈਂਚ ਕੰਪਨੀ ਨੇ ਕੀਤਾ ਹੈ। ਪ੍ਰਾਗ ਦੇ ਲੇਟਨੇਨੀ ਕੇਯਰ ਗਰਾਊਂਡ ਦੇ ਹਾਲ ਵਿੱਚ ਪ੍ਰਦਰਸ਼ਿਤ ਇਸ ਬਾਈਕ ਵਿੱਚ 6 ਅਤਿਆਧੁਨਿਕ ਹਾਰੀਜਾਨਟਲ ਪ੍ਰੋਪੇਲਰ ਅਤੇ ਇਲੇਕਟ੍ਰਿਕ ਮੋਟਰ ਲਗੀ ਹੈ। ਇਸ ਨੇ ਰਿਮੋਟ ਕੰਟ੍ਰੋਲ ਦੇ ਜਰੀਏ ਪੰਜ ਮਿੰਟ ਦੀ ਉੜਾਨ ਭਰੀ। ਇਸ ਬਾਈਕ ਦਾ ਵਜ਼ਨ 95 ਕਿਲੋਗ੍ਰਾਮ ਹੈ।

ਬ੍ਰਿਟੇਨ ਵਿੱਚ ਸਟੇਮਫੋਰਡ ਨਿਵਾਸੀ ਕੋਲਿਨ ਫੁਰਜ ਫਿਲਮ ਨਿਰਮਾਤਾ, ਇੰਵੇਂਟਰ, ਸਟੰਟਮੇਨ ਅਤੇ ਯੂਟਊਬਰ ਅਜਿਹੀਆਂ ਚੀਜ਼ਾਂ ਬਣਾਉਂਦੇ ਹਨ, ਜਿਨ੍ਹਾਂ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਹਾਲ ਹੀ ਵਿੱਚ ਉਹਨਾਂ ਨੇ ਹੈਰਾਨੀਜਨਕ ਹੋਵਰ ਬਾਈਕ ਬਣਾਈ ਹੈ ਯਾਨਿ ਉਡੱਣ ਵਾਲੀ ਮੋਟਰਸਾਈਕਲ। ਇਸ ਵਿੱਚ ਦੋ ਇੰਜਨ ਹਨ, ਅਗੇ ਵਾਲਾ ਉੜਾਨ ਸਾਈਡ ਹੈ ਜਦਕਿ ਪਿੱਛੇ ਵਾਲਾ ਅਪ ਸਾਈਡ। ਉਹਨਾਂ ਦਾ ਇਹ ਪ੍ਰੋਜੇਕਟ ਫੋਰਡ ਕੰਪਨੀ ਨੂੰ ਵੀ ਪਸੰਦ ਆਇਆ, ਉਹ ਇਸ ਦੀ ਪ੍ਰਾਯੋਜਕ ਬਣ ਗਈ ਹੈ।

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਸਵੇਰੇ ਉਠੱ ਕੇ ਪਾਣੀ ਪੀਣਾ ਲਾਭਦਾਇਕ ਕਿਉਂ ਹੈ?

**ਉਤਰ :** ਆਪਣੀਆਂ ਜ਼ਰੂਰੀ ਕ੍ਰਿਆਵਾਂ ਪੂਰੀਆਂ ਕਰਨ ਲਈ ਸਾਡੇ ਸਰੀਰ ਨੂੰ ਰੋਜ਼ 10–12 ਗਿਲਾਸ ਪਾਣੀ ਦੀ ਲੋੜ ਹੁੰਦੀ ਹੈ। ਇਹ ਸਾਡੀ ਪਾਚਨ ਕ੍ਰਿਆ ਦੇ ਇਲਾਵਾ ਸਰੀਰ ਦੇ ਹਰ ਹਿੱਸੇ ਤੇ ਵੀ ਅਨੁਕੂਲ ਪ੍ਰਭਾਵ ਪਾਉਂਦਾ ਹੈ। ਇਸ ਲਈ ਸਵੇਰੇ ਉਠੱਣ ਵੇਲੇ ਪਾਣੀ ਪੀਣਾ ਬਹੁਤ ਲਾਭਦਾਇਕ ਹੈ। ਜੋ ਲੋਕ ਫਲ-ਸਬਜ਼ੀਆਂ ਘੱਟ ਖਾਂਦੇ ਹਨ ਜਾਂ ਜਿਨ੍ਹਾਂ ਲੋਕਾਂ ਨੂੰ ਕਬਜ਼ ਦੀ ਸ਼ਿਕਾਇਤ ਰਹਿੰਦੀ ਹੈ, ਉਹਨਾਂ ਲੋਕਾਂ ਲਈ ਸਵੇਰੇ ਉਠ ਕੇ ਪਾਣੀ ਪੀਣਾ ਤਾਂ ਬਹੁਤ ਹੀ ਜ਼ਰੂਰੀ ਹੈ।

**ਪ੍ਰਸ਼ਨ :** ਪੁਲਾੜ ਵਿੱਚ ਹਰ ਚੀਜ਼ ਗਤੀਸ਼ੀਲ ਕਿਉਂ ਹੈ?

**ਉੱਤਰ :** ਵਿਗਿਆਨਕ ਮੰਨਦੇ ਹਨ ਕਿ ਪ੍ਰਿਥਵੀ ਦੀ ਉਤਪਤੀ ਇਕ ਵਿਸਫੋਟ ਨਾਲ ਹੋਈ ਸੀ। ਉਸ ਸਮੇਂ ਬਹੁਤ ਹੀ ਜ਼ਿਆਦਾ ਮਾਤਰਾ ਵਿੱਚ ਊਰਜਾ ਨਿਕਲੀ ਸੀ। ਉਸ ਊਰਜਾ ਦੇ ਕਾਰਣ ਆਕਾਸ਼ ਗੰਗਾ, ਤਾਰੇ ਅਤੇ ਗ੍ਰਹਿ ਇਕ ਦੂਸਰੇ ਤੋਂ ਦੂਰ ਜਾ ਰਹੇ ਹਨ। ਇਸ ਦੇ ਕਾਰਨ ਹੀ ਪੁਲਾੜ ਵਿੱਚ ਹਰ ਚੀਜ਼ ਗਤੀਸ਼ੀਲ ਹੈ।

**ਪ੍ਰਸ਼ਨ:** ਦੀਵਾਰਾਂ ਉਤੇ ਸਫੇਦੀ ਕਰਦੇ ਸਮੇਂ ਉਸ ਵਿੱਚ ਨੀਲ ਕਿਉਂ ਮਿਲਾਇਆ ਜਾਂਦਾ ਹੈ?

**ਉੱਤਰ :** ਹਰ ਸਾਲ ਤਿਉਹਾਰ ਆਉਣ ਤੇ ਅਸੀਂ ਆਪਣੇ ਘਰ ਵਿੱਚ ਸਫੇਦੀ ਕਰਵਾ ਕੇ ਦੀਵਾਰਾਂ ਨੂੰ ਚਮਕਾਉਂਦੇ ਹਾਂ। ਦਰਅਸਲ ਸਮਾਂ ਬੀਤਣ ਦੇ ਨਾਲ-ਨਾਲ ਸਾਡੇ ਘਰਾਂ ਦੀਆਂ ਦੀਵਾਰਾਂ ਪੀਲੀਆਂ ਪੈਣ ਲੱਗ ਜਾਂਦੀਆਂ ਹਨ। ਪੀਲਾਪਨ ਹਟਾਉਣ ਲਈ ਚੂਨੇ ਵਿੱਚ ਨੀਲਾ ਰੰਗ ਮਿਲਾ ਦਿੱਤਾ ਜਾਂਦਾ ਹੈ। ਨੀਲਾ ਰੰਗ ਮਿਲਾਉਣ ਨਾਲ ਚੂਨਾ ਹੋਰ ਸਫੇਦ ਹੋ ਜਾਂਦਾ ਹੈ ਜਿਸ ਨਾਲ ਦੀਵਾਰਾਂ ਹੋਰ ਵੀ ਚਮਕਦਾਰ ਅਤੇ ਸਫੇਦ ਦਿਖਾਈ ਦਿੰਦੀਆਂ ਹਨ।

**ਪ੍ਰਸ਼ਨ :** ਵਾੜ ਕਿਸ ਨੂੰ ਕਹਿੰਦੇ ਹਨ?

**ਉੱਤਰ :** ਪਿਆਰੇ ਬੱਚਿਉ! ਕੀ ਕਦੇ ਖੇਤ ਵਿੱਚ ਗਏ ਹੋ? ਫਸਲ ਦੀ ਸੁਰੱਖਿਆ ਲਈ ਖੇਤ ਦੇ ਚਾਰੇ ਪਾਸੇ ਕੰਡੇਦਾਰ ਝਾੜੀਆਂ ਜਾਂ ਕੰਡਿਆਲੀਆਂ ਤਾਰਾਂ ਲਗਾਈਆਂ ਜਾਂਦੀਆਂ ਹਨ। ਇਸ ਨੂੰ ਹੀ ਵਾੜ ਕਿਹਾ ਜਾਂਦਾ ਹੈ। ਇਹ ਫਸਲ ਨੂੰ ਅਵਾਰਾ ਪਸ਼ੂਆਂ ਤੋਂ ਬਚਾਉਣ ਲਈ ਲਗਾਈ ਜਾਂਦੀ ਹੈ। ਵਾੜ ਕਰਕੇ ਖੇਤ ਦੀ ਹਦਬੰਦੀ ਨੂੰ ਵੀ ਸਪੱਸ਼ਟ ਕੀਤਾ ਜਾਂਦਾ ਹੈ। ❑

❑ ਸੁਰਜੀਤ ਦੇਵਲ

# ਬੱਚਿਉ !

## ਆਉ, ਯੋਗਾ ਕਰੀਏ

ਸੁਭਹ ਸਵੇਰੇ ਉਠ ਕੇ ਮਿੱਤਰੋ
ਕਰੀਏ ਅਸੀਂ ਕਮਾਲ।
ਆਉ ਬੱਚਿਉ! ਯੋਗਾ ਕਰੀਏ,
ਰਹਿਣਾ ਜੇ ਖੁਸ਼ਹਾਲ।

ਆਸਨ ਇਸ ਦੇ ਵੰਨ-ਸੁਵੰਨੇ,
ਜਿਹੜਾ ਕਰੇ, ਵਰਦਾਨ ਉਹ ਮੰਨੇ,
ਕੱਟੇ ਦੁੱਖ ਜੰਜਾਲ।
ਆਉ ਬੱਚਿਉ ! ਯੋਗਾ ਕਰੀਏ ...

ਯੋਗਾ ਨਾ ਪੈਸਾ ਖਰਚਾਵੇ,
ਰੋਗ ਭਿਆਨਕ ਦੂਰ ਭਜਾਵੇ,
ਚਿਹਰਾ ਖਿੜੇ ਇਸ ਨਾਲ।
ਆਉ ਬੱਚਿਉ ! ਯੋਗਾ ਕਰੀਏ...

ਹਰਦਮ ਤਨ ਚਮਕੀਲਾ ਰੱਖੇ,
ਹਰਦਮ ਮਨ ਫੁਰਤੀਲਾ ਰੱਖੇ,
ਰੱਖੀਏ ਸਿਹਤ ਦਾ ਖਿਆਲ।
ਆਉ ਬੱਚਿਉ ! ਯੋਗਾ ਕਰੀਏ...






❑ ਅਮਨਪ੍ਰੀਤ

# ਸੱਪ ਅਤੇ ਕੀੜੀਆਂ

**ਇੱਕ** ਜੰਗਲ ਵਿੱਚ ਇੱਕ ਸੱਪ ਰਹਿੰਦਾ ਸੀ। ਉਹ ਬਹੁਤ ਹੀ ਬੇਰਹਿਮ ਅਤੇ ਬੁਰਾ ਸੀ। ਉਸਨੇ ਬਹੁਤ ਅੱਤ ਚੁੱਕੀ ਹੋਈ ਸੀ। ਉਹ ਰਾਤ ਵੇਲੇ ਜੰਗਲ ਵਿੱਚੋਂ ਆਪਣਾ ਸ਼ਿਕਾਰ ਲਭਦਾ ਸੀ ਕਿਉਂਕਿ ਰਾਤ ਵੇਲੇ ਸਭ ਜਾਨਵਰ ਅਤੇ ਪੰਛੀ ਆਪਣੇ ਘਰਾਂ ਵਿੱਚ ਹੀ ਹੁੰਦੇ ਸਨ। ਇਸੀ ਗੱਲ ਦਾ ਸੱਪ ਫਾਇਦਾ ਉਠਾਉਂਦਾ ਸੀ। ਰਾਤ ਵੇਲੇ ਉਸਨੂੰ ਕਾਫ਼ੀ ਭੋਜਨ ਖਾਣ ਨੂੰ ਮਿਲਦਾ ਸੀ। ਜਿਸ ਕਾਰਨ ਸੱਪ ਦਿਨੋਂ-ਦਿਨ ਮੋਟਾ ਹੁੰਦਾ ਜਾ ਰਿਹਾ ਸੀ। ਜਾਨਵਰ ਅਤੇ ਪੰਛੀ ਉਸ ਤੋਂ ਬਹੁਤ ਦੁੱਖੀ ਸਨ ਕਿਉਂਕਿ ਉਹ ਉਹਨਾਂ ਦੇ ਅੰਡੇ ਅਤੇ ਬੱਚੇ ਸਭ ਕੁਝ ਖਾ ਜਾਂਦਾ ਸੀ। ਮੋਟਾ ਹੋਣ ਕਾਰਨ ਸੱਪ ਦਾ ਖੁੱਡ ਵਿੱਚੋਂ ਅੰਦਰ-ਬਾਹਰ ਜਾਣਾ ਬਹੁਤ ਔਖਾ ਹੋ ਗਿਆ ਸੀ। ਉਹ ਮਸਾਂ ਹੀ ਖੁੱਡ ਵਿੱਚ ਵੜਦਾ ਸੀ।





ਇਸ ਕਾਰਨ ਸੱਪ ਦੂਸਰਾ ਘਰ ਲੱਭਣ ਲੱਗਿਆ। ਉਸਨੂੰ ਆਖਿਰਕਾਰ ਕਾਫ਼ੀ ਵੱਡੀ ਖੁੱਡ ਮਿਲ ਗਈ ਜਿਸ ਵਿੱਚ ਬਹੁਤ ਸਾਰੇ ਚੂਹੇ ਰਹਿੰਦੇ ਸਨ। ਉਹਨਾਂ ਚੂਹਿਆਂ ਦੇ ਨਿੱਕੇ-ਨਿੱਕੇ ਬੱਚੇ ਵੀ ਸਨ। ਸੱਪ ਨੇ ਜਾ ਕੇ ਫੁੰਕਾਰਾ ਮਾਰਿਆ ਅਤੇ ਸਭ ਨੂੰ ਬਾਹਰ ਨਿਕਲਣ ਲਈ ਕਿਹਾ ਪਰ ਕੋਈ ਚੂਹਾ ਬਾਹਰ ਨਾ ਨਿਕਲਿਆ। ਅਜਿਹਾ ਦੇਖ ਕੇ ਸੱਪ ਖੁੱਡ ਵਿੱਚ ਵੜ੍ਹ ਗਿਆ ਅਤੇ ਗੁੱਸੇ ਵਿੱਚ ਸਭ ਤੇ ਹਮਲਾ ਕਰ ਦਿੱਤਾ। ਸੱਪ ਨੇ ਬਹੁਤ ਸਾਰੇ ਚੂਹੇ ਖਾ ਲਏ ਅਤੇ ਉਹਨਾਂ ਵਿੱਚੋਂ ਬਹੁਤ ਸਾਰੇ ਜਖਮੀ ਵੀ ਹੋਏ। ਉਹਨਾਂ ਦੇ ਬੱਚੇ ਵੀ ਬਹੁਤ ਸਾਰੇ ਜਖਮੀ ਹੋ ਗਏ। ਚੂਹੇ ਮਸਾਂ ਹੀ ਉਥੋਂ ਜਾਨ ਬਚਾ ਕੇ ਭੱਜੇ ਅਤੇ ਚੂਹਿਆਂ ਦੀ ਖੁੱਡ ਵਿੱਚ ਸੱਪ ਨੇ ਆਪਣਾ ਘਰ ਬਣਾ ਲਿਆ। ਹੁਣ ਸੱਪ ਇਕੱਲਾ ਹੀ ਉਸ ਖੁੱਡ ਵਿੱਚ ਰਹਿਣ ਲੱਗਾ।

ਚੂਹੇ ਵਿਚਾਰੇ ਬਹੁਤ ਦੁਖੀ ਸਨ ਕਿਉਂਕਿ ਉਹ ਬੇਘਰ ਹੋ ਚੁੱਕੇ ਸਨ। ਉਹ ਸੋਚ ਰਹੇ ਸਨ ਕਿ ਹੁਣ ਉਹ ਕਿੱਧਰ ਜਾਣ। ਉਹਨਾਂ ਚੂਹਿਆਂ ਦੀ ਇੱਕ ਨਿੱਕੀ ਰਾਣੀ ਕੀੜੀ ਦੋਸਤ ਸੀ। ਜਦੋਂ ਉਸ ਕੀੜੀ ਨੇ ਚੂਹਿਆਂ ਨੂੰ ਦੁੱਖੀ ਦੇਖਿਆ ਤਾਂ ਉਸਨੇ ਦੁੱਖੀ ਹੋਣ ਦਾ ਕਾਰਨ ਪੁੱਛਿਆ।

ਚੂਹਿਆਂ ਨੇ ਆਪਣੇ ਨਾਲ ਵਾਪਰੀ ਘਟਨਾ ਬਾਰੇ ਉਸ ਰਾਣੀ ਕੀੜੀ ਨੂੰ ਦੱਸ ਦਿੱਤਾ ਕਿ ਉਸ ਸੱਪ ਨੇ ਸਾਡੇ ਬਹੁਤ ਸਾਰੇ ਬੱਚੇ ਜਖਮੀ ਕਰ ਦਿੱਤੇ ਅਤੇ ਕਈ ਸਾਡੇ ਦੋਸਤ ਵੀ ਮਾਰ ਕੇ ਖਾ ਲਏ ਅਤੇ ਸਾਡੀ ਖੁੱਡ ਤੇ ਵੀ ਆਪਣਾ ਰਾਜ ਕਰ ਲਿਆ। ਚੂਹਿਆਂ ਨੇ ਇਹ ਵੀ ਕਿਹਾ ਕਿ ਉਸਨੇ ਬਹੁਤ ਸਾਰੇ ਜਾਨਵਰਾਂ ਅਤੇ ਪੰਛੀਆਂ ਦੇ ਬੱਚੇ ਵੀ ਖਾਧੇ ਹਨ। ਜਦੋਂ ਰਾਣੀ ਕੀੜੀ ਨੇ ਇਹ ਸੁਣਿਆ ਤਾਂ ਉਸ ਨੂੰ ਸੱਪ ਤੇ ਬਹੁਤ ਗੁੱਸਾ ਚੜ੍ਹਿਆ। ਉਸਨੇ ਚੂਹਿਆਂ ਨੂੰ ਦਿਲਾਸਾ ਦਿੱਤਾ ਕਿ ਸੱਪ ਨਾਲ ਕੱਲ੍ਹ ਹੀ ਤੁਹਾਡਾ ਇਨਸਾਫ਼ ਹੋਵੇਗਾ।

ਰਾਣੀ ਕੀੜੀ ਨੇ ਆਪਣੇ ਦਲ ਦੀਆਂ ਸਾਰੀਆਂ ਕੀੜੀਆਂ ਨੂੰ ਇਕੱਠਾ ਕੀਤਾ ਅਤੇ ਸਭ ਉਸ ਖੁੱਡ ਵਿੱਚ ਲੁੱਕ ਗਈਆਂ, ਜਿੱਥੇ ਸੱਪ ਨੇ ਆਪਣਾ ਘਰ ਬਣਾਇਆ ਸੀ। ਕੀੜੀਆਂ ਦਾ ਝੁੰਡ ਹਜ਼ਾਰਾਂ ਵਿੱਚ ਸੀ। ਰਾਣੀ ਕੀੜੀ ਨੇ ਆਪਣੇ ਦਲ ਦੀਆਂ ਸਭ ਕੀੜੀਆਂ ਨੂੰ ਸਮਝਾ ਦਿੱਤਾ ਸੀ ਕਿ ਜਿਵੇਂ

## ਹੰਸਤੀ ਦੁਨੀਆ ਪੰਜਾਬੀ ਦੇ ਲੇਖਕਾਂ ਨੂੰ ਵਿਸ਼ੇਸ਼ ਬੇਨਤੀ

ਹੰਸਤੀ ਦੁਨੀਆ ਪੰਜਾਬੀ ਦੇ ਲੇਖਕਾਂ ਨੂੰ ਵਿਸ਼ੇਸ਼ ਬੇਨਤੀ ਹੈ ਕਿ ਉਹ ਆਪਣੀਆਂ ਵੱਧ ਤੋਂ ਵੱਧ ਰਚਨਾਵਾਂ ਭੇਜਣ ਦੀ ਕ੍ਰਿਪਾਲਤਾ ਕਰਨ। ਰਚਨਾ ਮੌਲਿਕ ਹੋਵੇ ਅਤੇ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਪੱਧਰ ਵਾਲੀ ਹੋਵੇ। ਰਚਨਾ ਕਾਗਜ਼ ਦੇ ਇਕ ਪਾਸੇ, ਹਾਸ਼ੀਆ ਛੱਡ ਕੇ ਸਾਫ਼-ਸਾਫ਼ ਲਿਖੀ ਹੋਵੇ ਜਾਂ ਟਾਈਪ ਕੀਤੀ ਹੋਵੇ। ਯੋਗ ਰਚਨਾ ਨੂੰ ਹੰਸਤੀ ਦੁਨੀਆ ਪੰਜਾਬੀ ਵਿੱਚ ਪ੍ਰਕਾਸ਼ਿਤ ਕੀਤਾ ਜਾਵੇਗਾ। ਰਚਨਾ speed post ਰਾਹੀਂ ਭੇਜੀ ਜਾਵੇ ਅਤੇ ਲਿਫਾਫੇ ਦੇ ਬਾਹਰ ਪਤਾ ਅੰਗਰੇਜੀ ਵਿਚ ਸਾਫ-ਸਾਫ ਲਿਖਿਆ ਜਾਵੇ।


Editor, Hansti Duniya Punjabi
Magazine Section, Nirankari Complex
Nirankari Colony, Delhi 110009

---

ਹੀ ਸੱਪ ਖੁੱਡ ਵਿੱਚ ਵੜੇ ਸਭ ਨੇ ਉਸ ਤੇ ਹਮਲਾ ਕਰਨਾ ਹੈ। ਸੱਪ ਸਾਰੀ ਰਾਤ ਸ਼ਿਕਾਰ ਤੇ ਸੀ। ਸਵੇਰ ਹੁੰਦੇ ਹੀ ਸੱਪ ਵਾਪਿਸ ਪਰਤਿਆ ਅਤੇ ਖੁੱਡ ਵਿੱਚ ਵੜ੍ਹਿਆ ਤਾਂ ਉਸ ਨੇ ਕੀੜੀਆਂ ਨੂੰ ਦੇਖ ਕੇ ਕਿਹਾ ਕਿ ਨਿਕਲ ਜਾਓ ਬਾਹਰ ਮੇਰੀ ਖੁੱਡ ਚੋਂ ਪਰ ਕੀੜੀਆਂ ਬਿਲਕੁਲ ਨਾ ਹਿੱਲੀਆਂ। ਸੱਪ ਨੂੰ ਉਹਨਾਂ ਤੇ ਬੜ੍ਹਾ ਗੁੱਸਾ ਆਇਆ ਕਿ ਇਹ ਨਿੱਕੀਆਂ ਕੀੜੀਆਂ ਮੇਰੇ ਨਾਲ ਪੰਗਾ ਲੈ ਰਹੀਆਂ ਹਨ। ਉਸਨੇ ਖੁੱਡ ਵਿੱਚ ਵੜ ਕੇ ਉਹਨਾਂ ਨੂੰ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਕੀੜੀਆਂ ਨੇ ਝੱਟ ਹਮਲਾ ਕਰ ਦਿੱਤਾ। ਹਜ਼ਾਰਾਂ ਕੀੜੀਆਂ ਸੱਪ ਨੂੰ ਡੰਕ ਮਾਰਨ ਲੱਗੀਆਂ। ਉਸ ਨੇ ਉਹਨਾਂ ਨੂੰ ਹਟਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਸਭ ਵਿਅਰਥ ਸੀ। ਉਹ ਬਹੁਤ ਤੜਫ਼ ਰਿਹਾ ਸੀ।

ਕੀੜੀਆਂ ਨੇ ਡੰਕ ਮਾਰ-ਮਾਰ ਕੇ ਸੱਪ ਨੂੰ ਜਖਮੀਂ ਕਰ ਦਿੱਤਾ ਅਤੇ ਥੋੜੀ ਹੀ ਦੇਰ ਬਾਅਦ ਸੱਪ ਢੇਰੀ ਹੋ ਗਿਆ। ਸੱਪ ਨੂੰ ਬਿਲਕੁਲ ਸਾਹ ਨਾ ਆਇਆ ਅਤੇ ਸੱਪ ਦਾ ਅੰਤ ਹੋ ਗਿਆ। ਚੂਹੇ ਬਹੁਤ ਖੁਸ਼ ਹੋਏ। ਚੂਹਿਆਂ ਨੇ ਮਿਲ ਕੇ ਸਭ ਕੀੜੀਆਂ ਦਾ ਬਹੁਤ ਧੰਨਵਾਦ ਕੀਤਾ। ਚੂਹੇ ਫਿਰ ਤੋਂ ਉਸੀ ਖੁੱਡ ਵਿੱਚ ਅਪਣੇ ਬੱਚਿਆਂ ਨਾਲ ਰਹਿਣ ਲੱਗੇ।

**ਪਿਆਰੇ ਬੱਚਿਓ ! ਜੋ ਬੁਰਾ ਕੰਮ ਕਰਦਾ ਹੈ ਉਸਦਾ ਅੰਤ ਜ਼ਰੂਰ ਹੁੰਦਾ ਹੈ। ਇਸ ਲਈ ਹਮੇਸ਼ਾ ਚੰਗੇ ਕਰਮ ਹੀ ਕਰੀਏ।**





❑ ਦੀਦੀ ਨੈਨਤਾਰਾ

# ਰੋਟੀ ਦਾ ਦਿਲਚਸਪ ਇਤਿਹਾਸ

ਪਿਆਰੇ ਬੱਚਿਓ। ਤੁਸੀਂ ਸਾਰਿਆਂ ਨੇ ਆਪਣੇ ਘਰ ਵਿੱਚ ਮੰਮੀ ਨੂੰ ਰੋਟੀ ਬਣਾਉਂਦੇ ਹੋਏ ਜ਼ਰੂਰ ਵੇਖਿਆ ਹੋਵੇਗਾ। ਭੋਜਨ ਵਿੱਚ ਰੋਟੀ ਦਾ ਕਾਫੀ ਮਹੱਤਵ ਹੈ। ਇਸਦੀ ਮਹਿਕ ਬੜੀ ਮਨਮੋਹਕ ਹੁੰਦੀ ਹੈ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਰੋਟੀ ਦਾ ਇਤਿਹਾਸ ਬੜਾ ਹੀ ਰੋਚਕ ਰਿਹਾ ਹੈ। ਇਕ ਗੱਲ ਹੋਰ ਕਿ ਰੋਟੀ ਦੇ ਕਾਰਣ ਇਕ ਵਾਰ ਅਮਰੀਕਾ ਵਿੱਚ ਖ਼ੂਨ-ਖਰਾਬਾ ਹੋ ਗਿਆ।

**ਕੀ ਹੈ ਰੋਟੀ ਦਾ ਇਤਿਹਾਸ :-** ਇਹ ਅਜੇ ਪਤਾ ਨਹੀਂ ਚਲ ਸਕਿਆ ਕਿ ਰੋਟੀ ਬਣਾਉਣ ਦੀ ਕਲਾ ਕਦੋਂ ਅਤੇ ਕਿਥੋਂ ਸ਼ੁਰੂ ਹੋਈ। ਅਨੁਮਾਨ ਕੀਤਾ ਜਾਂਦਾ ਹੈ ਕਿ ਅੱਜ ਤੋਂ ਅੱਠ ਹਜ਼ਾਰ ਸਾਲ ਪਹਿਲਾਂ ਝੀਲ ਦੇ ਆਸ-ਪਾਸ ਰਹਿਣ ਵਾਲੇ ਲੋਕਾਂ ਨੇ ਸਭ ਤੋਂ ਪਹਿਲਾਂ ਰੋਟੀ ਬਣਾਈ ਹੋਵੇਗੀ। ਉਹਨਾਂ ਲੋਕਾਂ ਨੇ ਪੱਥਰ ਤੇ ਰੋਟੀ ਸੇਕਣ ਅਤੇ ਆਟਾ ਪੀਸਣ ਦੇ ਤਰੀਕੇ ਵੀ ਖੋਜ ਲਏ ਹੋਣਗੇ। ਕਿਹਾ ਜਾਂਦਾ ਹੈ ਕਿ ਉਹਨਾਂ ਲੋਕਾਂ ਨੇ ਮੋਟਾ ਅਤੇ ਚਪਟਾ ਕੇਕ ਬਣਾਇਆ ਹੋਵੇਗਾ। ਵੈਸੇ ਅਮਰੀਕਾ ਦੇ ਮੇਟਰੋਪਾਲਿਟਨਕਲ ਮਿਊਜ਼ੀਅਮ ਨੂੰ ਸਾਢੇ ਤਿੰਨ ਹਜ਼ਾਰ ਸਾਲਾਂ ਬਾਅਦ, ਰੋਟੀ ਦੇ ਜੋ ਟੁਕੜੇ ਮਿਲੇ ਹਨ, ਉਹਨਾਂ ਦਾ ਆਕਾਰ-ਪ੍ਰਕਾਰ ਅੱਜ ਦੀਆਂ ਰੋਟੀਆਂ ਵਰਗਾ ਹੀ ਹੈ।

**ਮਿਸਰੀਆਂ ਦਾ ਯੋਗਦਾਨ ਰਿਹਾ ਹੈ ਸ਼ਲਾਘਾਯੋਗ :-** ਮਿਸਰ ਵਿੱਚ ਸਭ ਤੋਂ ਪਹਿਲਾਂ ਖਮੀਰ ਦੀ ਰੋਟੀ ਬਣੀ। ਈਸਾ ਪੂਰਬ ਦੋ ਹਜ਼ਾਰ ਵਿੱਚ ਉਥੇ ਹੀ ਸਭ ਤੋਂ ਹਲਕੀ ਰੋਟੀ ਬਣੀ। ਮਿਸਰੀਆਂ ਦਾ ਰੋਟੀ-ਕਲਾ ਵਿਕਾਸ ਵਿੱਚ ਕਾਫੀ ਯੋਗਦਾਨ ਹੈ। ਉਹਨਾਂ ਨੇ 50 ਤੋਂ ਵੱਧ ਰੋਟੀਆਂ ਬਣਾਈਆਂ, ਜਿਹਨਾਂ ਵਿੱਚ ਗੋਲ, ਵਰਗਾਕਾਰ ਅਤੇ ਪੰਛੀਆਂ ਦੇ ਆਕਾਰ ਦੀਆਂ ਰੋਟੀਆਂ ਸ਼ਾਮਿਲ ਹਨ।

**ਰੋਟੀ ਦੀ ਵਿਕਾਸ ਯਾਤਰਾ ਵਿੱਚ ਕਈ ਦੇਸ਼ ਰਹੇ ਸ਼ਾਮਿਲ :-** ਯਹੂਦੀ ਵੀ ਰੋਟੀ ਬਣਾਉਣ ਦੀ ਕਲਾ ਵਿੱਚ ਮਾਹਿਰ ਸਨ। ਫਲਸਰੂਪ ਉਥੇ ਰੋਟੀ ਅਤੇ ਨਾਨਬਾਈ ਦੀਆਂ ਅਨੇਕਾਂ ਦੁਕਾਨਾਂ ਖੁਲ੍ਹੀਆਂ। ਯੂਨਾਨੀ ਵੀ ਰੋਟੀ ਬਣਾਉਣ ਦੀ ਕਲਾ ਵਿੱਚ ਨਿਪੁੰਨ ਹੋ ਗਏ ਅਤੇ 72 ਪ੍ਰਕਾਰ ਦੀਆਂ ਰੋਟੀਆਂ ਬਣਾਉਣ ਲੱਗੇ। ਸ਼ੁਰੂ ਵਿੱਚ ਮਠਾਂ ਉਤੇ ਤੰਦੂਰ ਲਾਏ ਗਏ, ਫਿਰ ਬਾਅਦ ਵਿੱਚ ਗਿਰਜਾਘਰਾਂ ਵਿੱਚ ਚਿੱਟੀ ਰੋਟੀ ਪਰੋਸੀ ਗਈ। ਇਥੋਂ ਹੀ ਰੋਟੀ ਵਿਸ਼ੇਸ਼ ਲੋਕਾਂ ਦਾ ਭੋਜਨ ਵੀ ਬਣੀ। ਰੋਮ ਵਾਸੀਆਂ ਨੇ ਆਟਾ ਗੁੰਨਣ ਅਤੇ ਪੀਸਣ ਦੀਆਂ ਮਸ਼ੀਨਾਂ ਤਿਆਰ ਕੀਤੀਆਂ। ਘੋੜੇ ਅਤੇ ਖੋਤੇ ਇਹਨਾਂ ਮਸ਼ੀਨਾਂ ਨੂੰ ਚਲਾਉਂਦੇ ਸਨ। ਗਰੀਬਾਂ ਨੂੰ ਰੋਟੀਆਂ ਮੁਫ਼ਤ ਦਿੱਤੀਆਂ ਜਾਣ ਲੱਗੀਆਂ। ਉਸ ਵੇਲੇ ਯੂਰਪ ਵਿੱਚ ਆਮ ਤੌਰ ਤੇ ਲੋਕ ਚਿੱਟੀ ਅਤੇ ਕਾਲੀ ਰੋਟੀ ਖਾ ਕੇ ਪੇਟ ਭਰਦੇ ਸਨ। ਲੋਕਾਂ ਦੀ ਸਭਿਅਤਾ ਦੀ ਤਰ੍ਹਾਂ ਰੋਟੀਆਂ ਵੱਖ-2 ਤਰ੍ਹਾਂ ਦੀਆਂ ਹੁੰਦੀਆਂ ਹਨ। ਉਹਨਾਂ ਨੂੰ ਵੇਖ ਕੇ ਆਸਾਨੀ ਨਾਲ ਪਤਾ ਲਗਾਇਆ ਜਾ ਸਕਦਾ ਹੈ ਕਿ ਉਹ ਕਿਸ ਦੇਸ਼ ਦੀਆਂ ਹਨ।

ਫਰਾਂਸ ਦੇ ਲੋਕ ਪਤਲੀਆਂ ਅਤੇ ਲੰਮੀਆਂ ਰੋਟੀਆਂ ਤਿਆਰ ਕਰਦੇ ਹਨ। ਇਹ ਖੱਟੀਆਂ-ਮਿੱਠੀਆਂ ਹੁੰਦੀਆਂ ਹਨ। ਉਥੋਂ ਦੀ ਮੱਖਣ ਭਰੀ ਕਰਵਾਸਾ ਅਤੇ ਵਰੀਓਸ ਰੋਟੀ ਮਸ਼ਹੂਰ ਹੈ। ਇਟਲੀ ਵਾਸੀ ਤਾਂ ਬੜੀ ਅਜੀਬ ਰੋਟੀ ਬਣਾਉਂਦੇ ਹਨ। ਉਹਨਾਂ ਦੀ ਰੋਟੀ ਦਾ ਹਰ ਟੁਕੜਾ ਵੱਖ-2 ਸ਼ਕਲ ਦਾ ਹੁੰਦਾ ਹੈ।

ਇਟਲੀ ਦੀ ਕਿਸ਼ਮਿਸ ਵਾਲੀ ਪਾਨੇਤੋਨ ਰੋਟੀ ਮਸ਼ਹੂਰ ਹੈ। ਡੰਡੀ ਦੇ ਅਕਾਰ ਵਾਲੀ ਗਿਸਿਨੀ ਰੋਟੀ ਵੀ ਚੰਗੀ ਹੁੰਦੀ ਹੈ। ਜਰਮਨੀ ਦੇ ਲੋਕ ਰਾਈ ਦੀਆਂ ਰੋਟੀਆਂ ਬਣਾਉਣ ਵਿੱਚ ਮਾਹਿਰ ਹਨ। ਇਹਨਾਂ ਰੋਟੀਆਂ ਨੂੰ ਪੇਪਰਨਿਕਲ ਕਹਿੰਦੇ ਹਨ। ਇਹ ਕਾਲੇ ਰੰਗ ਦੀਆਂ ਹੁੰਦੀਆਂ ਹਨ, ਪਰ ਰੂਸ ਦੀ ਸੋਲਦਾਵਸਕੀ ਰੋਟੀ ਸਭ ਤੋਂ ਵੱਧ ਕਾਲੀ ਖੱਟੀ ਅਤੇ ਵੱਡੀ ਹੁੰਦੀ ਹੈ। ਯਹੂਦੀ ਕਾਲੀ ਮਿਰਚ, ਖੱਟੀ ਰਾਈ ਅਤੇ ਪਿਸਤਾ ਮਿਲਾ ਕੇ ਰੋਟੀ ਬਣਾਉਂਦੇ ਹਨ। ਇਹਨਾਂ ਵਿਚੋਂ ਕੁਝ ਰੋਟੀਆਂ ਮੁਲਾਇਮ ਹੁੰਦੀਆਂ ਹਨ ਅਤੇ ਕੁਝ ਕੁਰਮੁਰੀ ਹੁੰਦੀਆਂ ਹਨ।

**ਸਾਰੇ ਦੇਸ਼ਾਂ ਦੀਆਂ ਰੋਟੀਆਂ ਵਿੱਚ ਹੈ ਭਿੰਨਤਾ :-** ਇਸੇ ਤਰ੍ਹਾਂ ਹੋਰ ਦੇਸ਼ਾਂ ਦੀਆਂ ਰੋਟੀਆਂ ਵਿੱਚ ਵੀ ਭਿੰਨਤਾ ਹੈ ਜਿਵੇਂ ਸਾਡੇ ਦੇਸ਼ ਦੀ ਗੋਲ ਚਪਾਤੀ ਅਤੇ ਪੂੜੀ, ਮੈਕਸਿਕੋ ਦੀ ਗੋਲ ਚਪਟੀ ਅਤੇ ਤੋਤੀਆ ਰੋਟੀ, ਮੱਧ ਆਇਰਲੈਂਡ ਦੀ ਸੋਡੇ ਦੀ ਰੋਟੀ, ਰੋਮ ਦੀ ਚਪਟੀ ਅਤੇ ਤਹਿਦਾਰ ਰੋਟੀ, ਸਕਾਟਲੈਂਡ ਦੀ ਗੋਲਠ ਚਪਟੀ ਅਮਰੀਕੀ ਕੈਕ ਸਕੌਸ ਅਤੇ ਇੰਗਲੈਂਡ ਦੀ ਇਕ ਦੂਜੇ ਦੇ ਉਤੇ ਰੱਖੀ ਗੋਲ ਵੱਡੀ ਅਤੇ ਹਲਕੀ ਰੋਟੀ ਆਦਿ। ■

# ਹਾਸਾ ਖੇਡਾ

ਤਿੰਨ ਵਿਅਕਤੀਆਂ ਨੂੰ ਕਿਧਰੋਂ ਤਿੰਨ ਬੰਬ ਮਿਲ ਗਏ।
ਇਕ ਵਿਅਕਤੀ ਬੋਲਿਆ –
ਚਲੋ ਇਹਨਾਂ ਨੂੰ ਪੁਲਿਸ ਨੂੰ ਦੇ ਦਿੰਦੇ ਹਾਂ।
ਦੂਸਰਾ ਵਿਅਕਤੀ ਬੋਲਿਆ –
ਹਾਂ, ਹਾਂ ਠੀਕ ਹੈ ਲੇਕਿਨ ਰਾਹ ਵਿੱਚ ਇਕ ਫਟ ਗਿਆ ਤਾਂ?
ਤੀਸਰਾ ਬੋਲਿਆ –
ਤਾਂ ਕਹਿ ਦੇਵਾਂਗੇ ਕਿ ਦੋ ਹੀ ਮਿਲੇ ਸਨ।

..........

ਸੁਨੀਤਾ : (ਸਪਨਾ ਨੂੰ) ਕੀ ਦੱਸਾਂ, ਮੇਰਾ ਮੁੰਨਾ ਤਾਂ ਹਰ ਵਕਤ ਅੰਗੂਠਾ ਹੀ ਚੁੰਘਦਾ ਰਹਿੰਦਾ ਹੈ। ਕੋਈ ਉਪਾਅ ਦੱਸੋ?

ਸਪਨਾ: ਤੂੰ ਇੰਝ ਕਰ। ਆਪਣੇ ਮੁੰਨੇ ਨੂੰ ਇੱਕ ਢਿੱਲੀ ਨਿੱਕਰ ਪਹਿਨਾ ਦੇ। ਦਿਨ ਭਰ ਉਹ ਆਪਣੀ ਨਿੱਕਰ ਹੀ ਸੰਭਾਲਦਾ ਰਹੇਗਾ ਅਤੇ ਅੰਗੂਠਾ ਚੁੰਘਣ ਦੀ ਆਦਤ ਆਪਣੇ-ਆਪ ਛੁੱਟ ਜਾਏਗੀ।



..........

– ਪ੍ਰਵੀਣ (ਦਿੱਲੀ)

ਕਵੀ : ਆਪ ਨੂੰ ਮੇਰੀ ਕਵਿਤਾ ਪਸੰਦ ਆਈ?
ਯੋਗਿਤਾ : ਮੈਨੂੰ ਉਸਦਾ ਅੰਤ ਬਹੁਤ ਸੁੰਦਰ ਲੱਗਾ।
ਕਵੀ : ਕਿਸ ਜਗ੍ਹਾ?
ਯੋਗਿਤਾ : ਜਦ ਆਪ ਨੇ ਕਿਹਾ ਕਿ 'ਕਵਿਤਾ ਸਮਾਪਤ ਹੋਈ।'



..........

ਬੁੱਧੂਰਾਮ ਨੇ ਆਪਣੀ ਮੰਗਣੀ ਤੋੜ ਦਿੱਤੀ ਕਿਉਂਕਿ ਉਹਨੂੰ ਪਤਾ ਲੱਗਾ ਕਿ ਜਿਸ ਲੜਕੀ ਨਾਲ ਉਸਦੀ ਸ਼ਾਦੀ ਹੋ ਰਹੀ ਹੈ, ਉਸਦੀ ਪਹਿਲਾਂ ਕਦੇ ਮੰਗਣੀ ਨਹੀਂ ਹੋਈ। ਉਸ ਨੇ ਸੋਚਿਆ ਕਿ ਜਿਸ ਲੜਕੀ ਦੀ ਪਹਿਲਾਂ ਕਿਸੇ ਨਾਲ ਮੰਗਣੀ ਨਹੀਂ ਹੋਈ, ਉਸ ਨਾਲ ਉਹ ਮੰਗਣੀ ਕਿਉਂ ਕਰੇ?

..........

ਇਕ ਨੌਕਰ ਨੇ ਆਪਣੇ ਕੰਜੂਸ ਮਾਲਿਕ ਨੂੰ ਕਿਹਾ –
'ਸਾਹਿਬ' ਮੈਂ ਰਾਤ ਨੂੰ ਸੁਪਨਾ ਵੇਖਿਆ ਕਿ ਆਪ ਨੇ ਮੈਨੂੰ ਪੰਜਾਹ ਰੁਪਏ ਐਡਵਾਂਸ ਦਿੱਤੇ ਹਨ।
ਮਾਲਿਕ ਨੇ ਕਿਹਾ –
ਠੀਕ ਹੈ, ਅਗਲੇ ਮਹੀਨੇ ਤੇਰੀ ਤਨਖਾਹ ਵਿਚੋਂ ਕੱਟ ਲਏ ਜਾਣਗੇ।

..........

– ਗੁਰਚਰਨ ਆਨੰਦ (ਲੁਧਿਆਣਾ)

ਪਤਨੀ : ਐਜੀ, ਕੀ ਇਹ ਸੱਚ ਹੈ ਕਿ ਰੁਪਏ-ਪੈਸੇ ਵੀ ਬੋਲਦੇ ਹਨ?

ਪਤੀ : ਹਾਂ, ਕਹਿੰਦੇ ਤਾਂ ਇੰਝ ਹੀ ਹਨ।

ਪਤਨੀ : ਤਾਂ ਫਿਰ ਆਪ ਦਫ਼ਤਰ ਜਾਣ ਤੋਂ ਪਹਿਲਾਂ ਮੈਨੂੰ ਕੁਝ ਪੈਸੇ ਦੇ ਜਾਣਾ, ਮੈਂ ਘਰ ਵਿੱਚ ਇੱਕਲੀ ਬੈਠੀ ਬੋਰ ਹੁੰਦੀ ਰਹਿੰਦੀ ਹਾਂ।



..........

ਪਿੰਦਰ ਨੇ ਸੁੱਤੇ ਹੋਏ ਸ਼ੇਰ ਨੂੰ ਲੱਤ ਮਾਰ ਕੇ ਜਗਾਇਆ ਅਤੇ ਜਿੰਦਰ ਨੂੰ ਬੋਲਿਆ –

ਦੋਸਤ ਭੱਜ।

ਜਿੰਦਰ ਬੋਲਿਆ – ਮੈਂ ਕਿਉਂ ਭੱਜਾਂ। ਲੱਤ ਮੈਂ ਥੋੜੀ ਮਾਰੀ ਹੈ।

..........

ਚੂਹਾ : (ਬਿੱਲੀ ਨੂੰ) ਬਿੱਲੀ ਮੋਸੀ! ਅੱਜ ਤੇਰੀ ਮੇਰੇ ਘਰ ਦਾਵਤ ਹੈ।

ਬਿੱਲੀ ਮੋਸੀ : ਜ਼ਰੂਰ-ਜ਼ਰੂਰ ਆਵਾਂਗੀ, ਤੂੰ ਬੁਲਾਇਆ ਜੋ ਹੈ।

ਬਿੱਲੀ ਮੋਸੀ ਸ਼ਾਮ ਨੂੰ ਆਈ ਅਤੇ ਚੂਹੇ ਨੂੰ ਬੋਲੀ–

ਮਿਆਊਂ-ਮਿਆਊਂ।

ਇਹ ਸੁਣ ਕੇ ਚੂਹਾ ਬੋਲਿਆ –

ਰੁਕੋ-ਰੁਕੋ ਜਰਾ ਮੈਂ ਖੁੱਡ ਵਿੱਚ ਛੁਪ ਜਾਊਂ।

..........

– ਪ੍ਰਤੀਕਸ਼ਾ ਕੁਸ਼ਵਾਹਾ (ਇਟਾਵਾ)

ਡਾਕਟਰ : ਪਿਛਲੀ ਵਾਰ ਜੋ ਯਾਦਾਸ਼ਤ ਵਧਾਉਣ ਦੀ ਦਵਾਈ ਲੈ ਕੇ ਗਏ ਸੀ ਉਸ ਨਾਲ ਕੁਝ ਫ ਰ ਕ ਪਿਆ?

ਮਰੀਜ : ਹੁਣ ਤਕ ਕੋਈ ਫਰਕ ਨਹੀਂ ਪਿਆ, ਰੋਜ਼ ਦਵਾਈ ਲੈਣਾ ਹੀ ਭੁੱਲ ਜਾਂਦਾ ਹਾਂ।

..........

ਇਕ ਵਿਅਕਤੀ ਨੇ ਬੜੀ ਦੇਰ ਤਕ ਟ੍ਰੇਨ ਦੇ ਨਾਲ ਭੱਜਣ ਤੋਂ ਬਾਅਦ ਟ੍ਰੇਨ ਫੜ ਹੀ ਲਈ। ਅੰਦਰ ਬੈਠੇ ਹੋਏ ਯਾਤਰੀਆਂ ਨੇ ਕਿਹਾ –

ਬੜੀ ਹਿੰਮਤ ਕੀਤੀ ਆਪ ਨੇ।

ਵਿਅਕਤੀ ਬੋਲਿਆ – ਭਾਈ, ਹਿੰਮਤ ਕੀ ਕੀਤੀ, ਜਿਸ ਨੂੰ ਚੜਾਉਣ ਆਇਆ ਸੀ ਉਹ ਤਾਂ ਸਟੇਸ਼ਨ ਤੇ ਹੀ ਰਹਿ ਗਿਆ।



..........

ਇਕ ਟਰੱਕ, ਦੂਸਰੇ ਟਰੱਕ ਨੂੰ ਰੱਸੀ ਨਾਲ ਬੰਨ੍ਹ ਕੇ ਖਿੱਚ ਰਿਹਾ ਸੀ, ਰਾਹ ਚਲਦੇ ਇਕ ਵਿਅਕਤੀ ਨੂੰ ਹਾਸਾ ਆ ਗਿਆ।

ਉਹ ਕਹਿਣ ਲੱਗਾ – ਹੇ ਭਗਵਾਨ ਇਕ ਰੱਸੀ ਨੂੰ ਲੈ ਕੇ ਜਾਣ ਲਈ ਦੋ-ਦੋ ਟਰੱਕ।

– ਰਜਿਤ (ਅੰਬਾਲਾ)

❑ ਏ.ਪੀ.ਨਿਰੰਕਾਰੀ

# ਰਸ ਇਕੱਠਾ ਕਰਦੀ ਹੈ



ਫੁੱਲਾਂ ਵਿੱਚੋਂ ਰਸ ਇਕੱਠਾ ਕਰਕੇ
ਆਪਣੇ ਛੱਤੇ ਵਿੱਚ ਭਰਦੀ ਹੈ।
ਦੱਸੋ ਬੱਚਿਓ ਉਸਦਾ ਨਾਮ
ਜੋ ਰਸ ਇਕੱਠਾ ਕਰਦੀ ਹੈ?

ਨਿੱਕੀ ਜਿਹੀ ਚੀਜ਼ ਹੈ,
ਪਰ ਕੰਮ ਮਹਾਨ ਹੈ,
ਰਸ ਦੇ ਰੂਪ ਵਿੱਚ ਸਾਨੂੰ,
ਸ਼ਹਿਦ ਕਰਦੀ ਦਾਨ ਹੈ।
ਮਿਹਨਤ ਤੋਂ ਨਾ ਡਰਦੀ ਹੈ।
ਦੱਸੋ ਬੱਚਿਓ ਉਸਦਾ ਨਾਮ
ਜੋ ਰਸ ਇਕੱਠਾ ਕਰਦੀ ਹੈ?

ਜਦ ਕੋਈ ਉਸ ਨੂੰ ਛੇੜੇ,
ਭੱਜਣ ਨੂੰ ਨਾ ਰਾਹ ਕਿਧਰੇ ਦੇਵੇ,
ਨਿੱਕਾ ਜਿਹਾ ਟੀਕਾ ਲਾਉਣ ਤੋਂ,
ਨਾ ਉਹ ਕਦੇ ਡਰਦੀ ਹੈ।
ਦੱਸੋ ਬੱਚਿਓ ਉਸਦਾ ਨਾਮ
ਜੋ ਰਸ ਇਕੱਠਾ ਕਰਦੀ ਹੈ?



ਨਜ਼ਰ ਸਾਡੀ ਜਦ ਉਸ ਤੇ ਪੈ ਜਾਂਦੀ,
ਮਿਹਨਤ ਕਰਨਾ ਉਹ ਸਾਨੂੰ ਸਿਖਾਉਂਦੀ,
ਬਿਨ੍ਹਾਂ ਵਜ੍ਹਾਂ ਤੋਂ ਕੁਝ ਨਾ ਕਹਿੰਦੀ,
ਹਰ ਪਲ ਮਿਹਨਤ ਕਰਦੀ ਰਹਿੰਦੀ।
ਇੱਕ ਫੁੱਲ ਤੋਂ ਦੂਜੇ ਫੁੱਲ ਉਤੇ।
ਪੈਰ ਰਹਿੰਦੀ ਧਰਦੀ ਹੈ।
ਸ਼ਹਿਦ ਦੀ ਮੱਖੀ ਉਸਦਾ ਨਾਮ,
ਜੋ ਰਸ ਇਕੱਠਾ ਕਰਦੀ ਹੈ।

# ਸਾਧਾਰਨ
# ਗਿਆਨ
# ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਰ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

1) ਅਮਰੀਕਾ ਦੀ ਮੁਦਰਾ ਕਿਹੜੀ ਹੈ?

2) 'ਭਾਰਤ ਰਤਨ' ਪੁਰਸਕਾਰ ਪ੍ਰਾਪਤ ਕਰਨ ਵਾਲੀ ਪਹਿਲੀ ਗਾਇਕਾ ਕੌਣ ਹੈ?

3) 'ਰੋਮੀਉ ਐਂਡ ਜੂਲੀਅਟ' ਦਾ ਲੇਖਕ ਕੌਣ ਸੀ?

4) ਸਰਸਵਤੀ ਦਾ ਵਾਹਨ ਕਿਹੜਾ ਹੈ?

5) ਝਾਰਖੰਡ ਰਾਜ ਪਹਿਲਾਂ ਕਿਸ ਭਾਰਤੀ ਰਾਜ ਦਾ ਹਿੱਸਾ ਸੀ?

6) ਏਸ਼ੀਆਈ ਖੇਡਾਂ ਦਾ ਆਯੋਜਨ ਕਿਤਨੇ ਸਾਲ ਬਾਅਦ ਹੁੰਦਾ ਹੈ?

7) ਕਿਸ ਨਦੀ ਨੂੰ 'ਬੰਗਾਲ ਦਾ ਸ਼ੋਕ' ਕਹਿੰਦੇ ਹਨ?

8) ਦੁੱਧ ਦੀ ਸ਼ੁੱਧਤਾ ਦੀ ਜਾਂਚ ਕਰਨ ਵਾਲੇ ਯੰਤਰ ਨੂੰ ਕੀ ਕਹਿੰਦੇ ਹਨ?

9) ਕਿਹੜਾ ਪਾਕਿਸਤਾਨੀ ਕ੍ਰਿਕਟਰ ਰਾਵਲਪਿੰਡੀ ਐਕਸਪ੍ਰੈਸ ਦੇ ਨਾਂ ਤੇ ਮਸ਼ਹੂਰ ਹੈ?

10) ਕਿਸ ਮਹੀਨੇ ਦੀ ਦੋ ਤਾਰੀਖ ਨੂੰ 'ਅੰਤਰਰਾਸ਼ਟਰੀ ਅਹਿੰਸਾ ਦਿਵਸ' ਕਹਿੰਦੇ ਹਨ?

11) ਭਾਰਤ ਦੇ ਰਾਸ਼ਟਰਗਾਨ ਦੇ ਲੇਖਕ ਕੌਣ ਸਨ?

12) ਅਕਬਰ ਦੇ ਦਾਦਾ ਦਾ ਕੀ ਨਾਂ ਸੀ?

13) ਪੰਡਿਤ ਸ਼ਿਵਕੁਮਾਰ ਸ਼ਰਮਾਂ ਕਿਸ ਸੰਗੀਤ ਯੰਤ੍ਰ ਨਾਲ ਸਬੰਧਿਤ ਹਨ?

14) ਰਾਜਸਥਾਨ ਦੇ ਕਿਸ ਸ਼ਹਿਰ ਨੂੰ 'ਝੀਲਾਂ ਦਾ ਸ਼ਹਿਰ' ਕਿਹਾ ਜਾਂਦਾ ਹੈ?

15) ਉਤਰਾਖੰਡ ਦੇ ਕਿਸ ਸ਼ਹਿਰ ਵਿਚ 'ਹਰ ਕੀ ਪੌੜੀ' ਹੈ?

(ਸਹੀ ਉਤੱਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ -
ਅਜੈ ਕਾਲੜਾ







ਸਵੱਛ ਭਾਰਤ
ਤੂੰ ਬਿਲਕੁਲ ਠੀਕ ਕਿਹਾ ਕਿੱਟੀ ਬੇਟਾ! ਬੱਚਿਓ, ਸਫ਼ਾਈ ਨਾਲ ਸਾਡਾ ਤਨ ਅਤੇ ਮਨ ਦੋਵੇਂ ਹੀ ਨਿਰਮਲ ਅਤੇ ਤੰਦਰੁਸਤ ਰਹਿੰਦੇ ਹਨ ਅਤੇ ਵਾਤਾਵਰਣ ਵੀ ਸ਼ੁਧ ਰਹਿੰਦਾ ਹੈ।
ਟੀਚਰ ਜੀ, ਮੈਂ ਤਾਂ ਆਪਣੇ ਘਰ ਦੇ ਅੰਦਰ-ਬਾਹਰ ਆਸ-ਪਾਸ ਅਤੇ ਪੜੋਸ ਵਿੱਚ ਵੀ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਦੀ ਹਾਂ।
ਬੱਚਿਓ! ਤੁਸੀ ਸਾਰਿਆਂ ਨੇ ਵੇਖਿਆ ਅਤੇ ਸੁਣਿਆ ਹੋਵੇਗਾ ਕਿ ਸੰਤ ਨਿਰੰਕਾਰੀ ਮਿਸ਼ਨ ਵੀ ਇਸ ਕਾਰਜ ਲਈ ਹਰ ਸਾਲ ਵਿਸ਼ੇਸ਼ ਮੁਹਿੰਮ ਚਲਾ ਕੇ ਸਫ਼ਾਈ ਕਰਨ ਅਤੇ ਰੁੱਖ ਲਾਉਣ ਦਾ ਕੰਮ ਕਰਦਾ ਹੈ।


ਹਾਂ! ਟੀਚਰ ਜੀ, ਮੈਂ ਟੀ.ਵੀ. ਤੇ ਵੀ ਵੇਖਿਆ ਸੀ ਜਿਸ ਵਿੱਚ ਲੋਕ ਸੜਕ ਤੇ ਝਾੜੂ ਲਗਾ ਕੇ ਸਫ਼ਾਈ ਮੁਹਿੰਮ ਦਾ ਪ੍ਰਚਾਰ ਕਰ ਰਹੇ ਸਨ।
ਠੀਕ ਕਿਹਾ ਕਿੱਟੀ ! ਬੱਚਿਉ ! ਉਹਨਾਂ ਦੀ ਇਸ ਪਹਿਲ ਨੂੰ ਸਾਨੂੰ ਵੀ ਅਪਨਾਉਣਾ ਪਏਗਾ ਕਿਉਂਕਿ ਭਾਰਤ ਸਾਡਾ ਦੇਸ਼ ਹੈ, ਅਤੇ ਅਸੀਂ ਇਸ ਵਿੱਚ ਰਹਿੰਦੇ ਹਾਂ। ਇਸਦੀ ਹਰ ਸੜਕ-ਗਲੀ ਨੂੰ ਸਾਫ਼ ਰੱਖਣਾ ਸਾਡਾ ਫਰਜ਼ ਹੈ।
ਆਪ ਬਿਲਕੁਲ ਸਹੀ ਕਹਿ ਰਹੇ ਹੋ ਟੀਚਰ ਜੀ।
ਜੀ ਟੀਚਰ ਜੀ, ਅਸੀਂ ਵੀ ਇਸ ਮੁਹਿੰਮ ਵਿੱਚ ਸ਼ਾਮਿਲ ਹੋ ਗਏ ਹਾਂ ਅਤੇ ਸਫ਼ਾਈ ਨੂੰ ਅਪਨਾਵਾਂਗੇ।
ਬਹੁਤ ਵਧੀਆ ਬੱਚਿਉ! ਹੁਣ ਤੋਂ ਤੁਹਾਡਾ ਵੀ ਫਰਜ਼ ਹੈ ਕਿ ਤੁਸੀਂ ਆਪਣੇ ਆਲੇ-ਦੁਆਲੇ ਕੂੜਾ ਇੱਕਠਾ ਨਾ ਹੋਣ ਦਿਉ, ਕੂੜੇਦਾਨ ਦਾ ਹਮੇਸ਼ਾ ਪ੍ਰਯੋਗ ਕਰਨਾ ਚਾਹੀਦਾ ਹੈ ਅਤੇ ਸੁਣੋ! ਜੇ ਕੋਈ ਇਧਰ-ਉਧਰ ਕੂੜਾ ਜਾਂ ਗੰਦਗੀ ਫੈਲਾਉਂਦਾ ਹੋਇਆ ਨਜ਼ਰ ਆਏ ਤਾਂ ਉਹਨੂੰ ਮਨਾ ਕਰੋ।


ਟੀਚਰ ਜੀ! ਇਸਦੇ ਨਾਲ ਹੀ ਅਸੀਂ ਐਤਵਾਰ ਨੂੰ ਆਪਣੇ ਮੁਹੱਲੇ ਦਾ ਦੌਰਾ ਕਰਾਂਗੇ, ਅਤੇ ਲੋਕਾਂ ਨੂੰ ਸਫ਼ਾਈ ਦੇ ਫਾਇਦੇ ਬਾਰੇ ਵੀ ਦੱਸਾਂਗੇ।
ਬਹੁਤ ਖੂਬ ਬੱਚਿਓ! ਉਂਝ ਵੀ ਬੱਚਿਓ ਸਾਫ਼-ਸਫ਼ਾਈ ਦੇ ਕੰਮ ਵਿੱਚ ਸਾਨੂੰ ਸ਼ਰਮ ਨਹੀਂ ਕਰਨੀ ਚਾਹੀਦੀ, ਸ਼ਰਮ ਤਾਂ ਗੰਦਗੀ ਤੋਂ ਕਰਨੀ ਚਾਹੀਦੀ ਹੈ।
ਠੀਕ ਕਿਹਾ ਆਪ ਨੇ ਟੀਚਰ ਜੀ! ਸਫ਼ਾਈ ਤਾਂ ਸਾਡੀ ਸ਼ਾਨ ਹੋਣੀ ਚਾਹੀਦੀ ਹੈ।

ਬਾਲ ਕਹਾਣੀ : ਅਭੈ ਨਿਰੰਕਾਰੀ

# ਸੰਗਤ ਦਾ ਫਲ

ਕਿਸੇ ਨਗਰ ਵਿੱਚ ਇਕ ਲੱਕੜਹਾਰਾ ਰਹਿੰਦਾ ਸੀ। ਉਸ ਦਾ ਨਾਮ ਸੀ ਰਾਮ ਦਾਸ। ਲੱਕੜਹਾਰਾ ਰੋਜ਼ ਲੱਕੜਾਂ ਕੱਟਣ ਜੰਗਲ ਵਿੱਚ ਜਾਂਦਾ ਸੀ ਅਤੇ ਆਪਣਾ ਖਾਣਾ ਨਾਲ ਲੈ ਜਾਂਦਾ ਸੀ।

ਉਸੇ ਜੰਗਲ ਵਿੱਚ ਇਕ ਸ਼ੇਰ ਸੀ। ਉਸਦੇ ਦੋ ਪਿਛਲਗੂ ਸਨ। ਇਕ ਬਘਿਆੜ ਅਤੇ ਦੂਸਰਾ ਕਾਂ। ਦੋਵੇਂ ਬਹੁਤ ਧੋਖੇਬਾਜ ਸਨ।

ਇਕ ਦਿਨ ਸ਼ੇਰ ਨੇ ਲੱਕੜਹਾਰੇ ਨੂੰ ਵੇਖਿਆ। ਸ਼ੇਰ ਨੇ ਸੋਚਿਆ ਸ਼ਿਕਾਰ ਮਿਲ ਗਿਆ। ਲੱਕੜਹਾਰੇ ਨੇ ਸ਼ੇਰ ਨੂੰ ਵੇਖਿਆ ਤਾਂ ਉਸਦੇ ਹੋਸ਼ ਉਡੱ ਗਏ। ਹਿੰਮਤ ਕਰਕੇ ਲੱਕੜਹਾਰਾ ਬੋਲਿਆ – ਆਉ ਸ਼ੇਰ ਭਾਈ, ਭੋਜਨ ਕਰੋ। ਮੇਰੀ ਪਤਨੀ ਨੇ ਬੜੇ ਪਿਆਰ ਨਾਲ ਖਾਣਾ ਪਕਾਇਆ ਹੈ।

ਸ਼ੇਰ ਬੋਲਿਆ– ਭਲੇ ਆਦਮੀ, ਮੈਂ ਇਕ ਜੰਗਲੀ ਜੀਵ ਹਾਂ। ਮੈਂ ਅਨਾਜ ਕਿਵੇਂ ਖਾ ਸਕਦਾ ਹਾਂ, ਪਰ ਤੂੰ ਬੜੇ ਪਿਆਰ ਨਾਲ ਕਿਹਾ ਹੈ। ਇਸ ਲਈ ਮੈਂ ਤੁਹਾਡਾ ਭੋਜਨ ਜਰਾ ਚੱਖ ਲਵਾਂਗਾ।

ਲੱਕੜਹਾਰੇ ਨੇ ਮਿੱਠੀਆਂ, ਨਮਕੀਨ ਅਤੇ ਮਸਾਲੇਦਾਰ ਚੀਜ਼ਾਂ ਸ਼ੇਰ ਨੂੰ ਖਾਣ ਲਈ ਦਿੱਤੀਆਂ। ਸ਼ੇਰ ਖੁਸ਼ ਹੋ ਗਿਆ। ਉਸ ਨੇ ਲੱਕੜਹਾਰੇ ਨੂੰ ਕਿਹਾ – ਡਰੋ ਨਹੀਂ। ਬੇਫਿਕਰ ਹੋ ਕੇ ਜੰਗਲ ਵਿੱਚ ਆਇਆ ਕਰੋ। ਲੱਕੜਹਾਰੇ ਨੇ ਵੀ ਸ਼ੇਰ ਨੂੰ ਰੋਜ਼ ਖਾਣਾ ਖਾਣ ਵਾਸਤੇ ਆਉਣ ਲਈ ਕਿਹਾ।

ਸ਼ੇਰ ਅਤੇ ਲੱਕੜਹਾਰੇ ਦੀ ਦੋਸਤੀ ਹੋ ਗਈ। ਸ਼ੇਰ ਨੂੰ ਚੰਗੀਆਂ ਚੀਜ਼ਾਂ ਖਾਣ ਲਈ ਮਿਲਦੀਆਂ। ਉਸ ਨੇ ਸ਼ਿਕਾਰ ਕਰਨਾ ਛੱਡ ਦਿੱਤਾ।

ਹੁਣ ਬਘਿਆੜ ਅਤੇ ਕਾਂ ਭੁੱਖੇ ਰਹਿਣ ਲੱਗੇ। ਇਕ ਦਿਨ ਕਾਂ ਨੇ ਸ਼ੇਰ ਤੋਂ ਪੁੱਛਿਆ–



ਆਪ ਰੋਜ਼ ਕਿਥੇ ਜਾਂਦੇ ਹੋ? ਅੱਜ-ਕੱਲ ਕੀ ਖਾਂਦੇ ਹੋ?

ਸ਼ੇਰ ਨੇ ਗੱਲ ਨੂੰ ਟਾਲਣਾ ਚਾਹਿਆ ਪਰ ਬਘਿਆੜ ਅਤੇ ਕਾਂ ਜਿੱਦ ਕਰਨ ਲੱਗੇ। ਤਦ ਸ਼ੇਰ ਨੇ ਪੂਰੀ ਗੱਲ ਦੱਸ ਦਿੱਤੀ। ਸ਼ੇਰ ਨੇ ਕਿਹਾ - ਇਕ ਆਦਮੀ ਨਾਲ ਮੇਰੀ ਦੋਸਤੀ ਹੋ ਗਈ ਹੈ। ਉਹ ਮੈਨੂੰ ਰੋਜ਼ ਖਾਣਾ ਲਿਆ ਕੇ ਖਿਲਾਉਂਦਾ ਹੈ।

ਬਘਿਆੜ ਅਤੇ ਕਾਂ ਨੇ ਕਿਹਾ - ਇਸ ਆਦਮੀ ਨੂੰ ਮਾਰ ਦਿਉ। ਕਈ ਦਿਨਾਂ ਤਕ ਭਰਪੇਟ ਖਾਣ ਲਈ ਮਿਲੇਗਾ।

ਸ਼ੇਰ ਨੇ ਕਿਹਾ - ਇੰਝ ਨਹੀਂ ਹੋ ਸਕਦਾ। ਉਹ ਆਦਮੀ ਮੇਰਾ ਦੋਸਤ ਹੈ। ਉਹ ਮੈਨੂੰ ਭੋਜਨ ਖੁਆਉਂਦਾ ਹੈ। ਮੈਂ ਉਹਨੂੰ ਵਚਨ ਦਿੱਤਾ ਹੈ। ਮੈਂ ਉਸਦਾ ਬੁਰਾ ਨਹੀਂ ਕਰ ਸਕਦਾ, ਮੈਂ ਤੁਹਾਡੇ ਲਈ ਵੀ ਕੁਝ ਖਾਣਾ ਮੰਗਵਾ ਦੇਵਾਂਗਾ। ਉਹ ਦੋਵੇਂ ਰਾਜੀ ਹੋ ਗਏ।

ਦੂਸਰੇ ਦਿਨ ਤਿੰਨੇ ਲੱਕੜਹਾਰੇ ਦੀ ਖੋਜ ਵਿੱਚ ਨਿਕਲੇ। ਲੱਕੜਹਾਰੇ ਨੇ ਦੂਰ ਤੋਂ ਹੀ ਸ਼ੇਰ ਅਤੇ ਉਸਦੇ ਸਾਥੀਆਂ ਨੂੰ ਆਉਂਦੇ ਵੇਖਿਆ। ਉਹ ਸਮਝ ਗਿਆ ਕੁਝ ਗੜਬੜ ਹੈ। ਲੱਕੜਹਾਰਾ ਫੌਰਨ ਇਕ ਉਚੇ ਜਿਹੇ ਰੁੱਖ ਤੇ ਚੜ ਗਿਆ।



ਸ਼ੇਰ ਬੋਲਿਆ - ਮੈਂ ਤੁਹਾਡਾ ਪੁਰਾਣਾ ਦੋਸਤ ਹਾਂ। ਮੈਨੂੰ ਵੇਖਦੇ ਹੀ ਰੁੱਖ ਤੇ ਕਿਉਂ ਚੜ ਗਏ? ਘਬਰਾਉ ਨਹੀਂ। ਹੇਠਾਂ ਉਤੱਰ ਆਉ। ਪਰ ਲੱਕੜਹਾਰਾ ਰੁੱਖ ਤੋਂ ਹੇਠਾਂ ਨਹੀਂ ਉਤਰਿਆ।

ਉਸਨੇ ਕਿਹਾ - ਮੈਂ ਤੁਹਾਡੇ ਧੋਖੇਬਾਜ ਦੋਸਤਾਂ ਦਾ ਭਰੋਸਾ ਨਹੀਂ ਕਰ ਸਕਦਾ।

ਆਖਿਰਕਾਰ ਹਾਰ ਕੇ ਸ਼ੇਰ, ਬਘਿਆੜ ਅਤੇ ਕਾਂ ਵਾਪਸ ਚਲੇ ਗਏ।

ਪਿਆਰੇ ਬੱਚਿਓ! ਬਦਨਾਮ ਦੋਸਤਾਂ ਦੇ ਕਾਰਣ ਸ਼ੇਰ ਨੂੰ ਇਕ ਚੰਗਾ ਦੋਸਤ ਗਵਾਉਣਾ ਪਿਆ।



ਬਾਲ ਕਵਿਤਾ - ਰਣਜੀਤ ਆਜ਼ਾਦ

# ਰੰਗ ਬਿਰੰਗੀ ਤਿਤਲੀ

ਫਰ-ਫਰ ਕਰਦੀ ਆਈ ਤਿਤਲੀ।
ਕਿੰਨੇ ਹੀ ਰੰਗ ਲਿਆਈ ਤਿਤਲੀ।

ਰੰਗ-ਬਿਰੰਗੇ ਖੰਭ ਖਿਲਾਰ।
ਫੁੱਲਾਂ ਸੰਗ ਉਹ ਕਰਦੀ ਪਿਆਰ।

ਰਸ ਚੂਸ ਕੇ ਪੇਟ ਹੈ ਭਰਦੀ।
ਪੇਟ ਭਰੇ ਸ਼ੁਕਰਾਨਾ ਕਰਦੀ।

ਮੂੰਹੋਂ ਸਦਾ ਗੁਣਗੁਣਾਉਂਦੀ ਰਹਿੰਦੀ।
'ਭਾਂ-ਭਾਂ' ਦੀ ਰੱਟ ਲਾਉਂਦੀ ਰਹਿੰਦੀ।

ਬੱਚੇ ਇਹਦਾ ਪਿੱਛਾ ਕਰਦੇ।
ਪਿੱਛਾ ਕਰਦੇ ਫੜ ਨਾ ਸਕਦੇ।

ਬਾਲ ਮਨਾਂ ਨੂੰ ਮੋਹ ਹੈ ਲੈਂਦੀ।
ਪ੍ਰੀਤ ਦੀ ਰੰਗਤ ਛੋਹ ਹੈ ਲੈਂਦੀ।

ਪਰਾਂ ਦੇ ਵਿੱਚ ਨੇ ਰੰਗ ਅਨੇਕ।
ਇਕ ਮਨੁੱਖਤਾ ਧਰਮ ਅਨੇਕ।

ਅਮਨ ਦਾ ਇਹ ਸੰਦੇਸ਼ਾ ਦਿੰਦੀ।
ਖੁਸ਼ੀਆਂ ਵਿੱਚ ਹਮੇਸ਼ਾਂ ਰਹਿੰਦੀ।

'ਆਜ਼ਾਦ' ਤਿੱਤਲੀਆਂ ਦਾ ਰਖਵਾਲਾ।
ਤਾਹੀਉਂ ਲੋਕੀਂ ਕਹਿਣ ਮਤਵਾਲਾ।

# ਕੀ ਤੁਸੀਂ ਜਾਣਦੇ ਹੋ





- ਰੇਸ਼ਮ ਦੇ ਕੀੜੇ ਸ਼ਹਿਤੂਤ ਦੇ ਰੁੱਖ ਦੀਆਂ ਕੋਮਲ ਪੱਤੀਆਂ ਤੇ ਪਾਲੇ ਜਾਂਦੇ ਹਨ।
- ਮਹਾਤਮਾ ਬੁੱਧ ਨੇ ਆਪਣਾ ਪਹਿਲਾ ਉਪਦੇਸ਼ ਵਾਰਾਣਸੀ ਦੇ ਕੋਲ ਸਾਰਨਾਥ ਵਿੱਚ ਦਿੱਤਾ ਸੀ।
- ਆਜ਼ਾਦੀ ਦੀ ਲੜਾਈ ਦੇ ਦੌਰਾਨ ਸਾਈਮਨ ਕਮਿਸ਼ਨ ਦਾ ਵਿਰੋਧ ਕਰਦੇ ਹੋਏ ਲਾਲਾ ਲਾਜਪਤ ਰਾਇ ਲਾਠੀਚਾਰਜ ਨਾਲ ਜਲਿਆਂਵਾਲਾ ਬਾਗ ਵਿੱਚ ਸ਼ਹੀਦ ਹੋਏ ਸਨ।
- ਭਾਰਤ ਵਿੱਚ ਬਣੇ ਪਹਿਲੇ ਕੰਪਿਊਟਰ ਦਾ ਨਾਂ ''ਸਿਧਾਰਥ'' ਸੀ।
- 'ਗਾਇਤ੍ਰੀ ਮੰਤਰ' ਰਿਗਵੇਦ ਵਿੱਚ ਲਿਖਿਆ ਹੋਇਆ ਹੈ।
- ਮਾਨਵ ਸਰੀਰ ਦੀ ਪਾਚਨ ਕਿਰਿਆ ਸਭ ਤੋਂ ਛੋਟੀ ਅੰਤੜੀ ਵਿੱਚ ਆ ਕੇ ਪੂਰੀ ਹੋ ਜਾਂਦੀ ਹੈ।
- ਮਾਨਵ ਦੁਆਰਾ ਸਭ ਤੋਂ ਪਹਿਲਾਂ ਤਾਂਬਾ ਧਾਤੂ ਦਾ ਪ੍ਰਯੋਗ ਕੀਤਾ ਗਿਆ ਸੀ।
- ਰਾਜਸਥਾਨ ਵਿੱਚ ਤਾਂਬੇ ਦੀ ਖਾਨ ਲਈ 'ਖੇਤੜੀ' ਬਹੁਤ ਪ੍ਰਸਿੱਧ ਹੈ।
- ਡਾਲਫਿਨ ਮੱਛਲੀ ਸੁੱਤੀ ਹੋਈ ਵੀ ਆਪਣੀ ਅੱਖ ਖੁਲ੍ਹੀ ਰੱਖਦੀ ਹੈ।
- ਜਲਿਆਂਵਾਲਾ ਬਾਗ ਦਾ ਗੋਲੀਕਾਂਡ 13 ਅਪ੍ਰੈਲ 1919 ਵਿੱਚ ਹੋਇਆ ਸੀ।
- ਭਾਰਤ ਉਤੇ ਹਮਲਾ ਕਰਨ ਵਾਲਾ ਪਹਿਲਾ ਮੁਸਲਿਮ ਹਮਲਾਵਰ ਮੁਹੰਮਦ ਬਿਨ ਕਾਸਿਮ ਸੀ।
- ਸ਼੍ਰੀਲੰਕਾ ਦਾ ਪੁਰਾਣਾ ਨਾਮ ਸੀਲੋਨ ਸੀ।
- ਵਿਟਾਮਿਨ ਦੀ ਖੋਜ ਕਰਨ ਵਾਲੇ ਵਿਅਕਤੀ ਦਾ ਨਾਮ 'ਫੰਕ' ਸੀ।
- ਪ੍ਰਿਥਵੀ ਦੇ ਉਤਰੀ ਗੋਲਾਰਧ ਵਿੱਚ ਸਭ ਤੋਂ ਵੱਡਾ ਦਿਨ 21 ਜੂਨ ਹੁੰਦਾ ਹੈ।
- ਲੋਹਾ, ਕਾਪਰ ਅਤੇ ਟੀਨ ਦੀ ਮਿਸ਼ਰਤ ਧਾਤੂ ਕਾਂਸਾ ਹੁੰਦੀ ਹੈ।
- 1893 ਵਿੱਚ ਸਵਾਮੀ ਵਿਵੇਕਾਨੰਦ ਨੇ ਸ਼ਿਕਾਗੋ ਅੰਦਰ ਹੋਏ ਵਿਸ਼ਵ ਧਰਮ ਸੰਮੇਲਨ ਨੂੰ ਸੰਬੋਧਿਤ ਕੀਤਾ ਸੀ।

ਸੰਗ੍ਰਹਿਕਰਤਾ - ਜਗਤਾਰ ਚਮਨ

ਬਾਲ ਕਹਾਣੀ : ਸੁਸ਼ੀਲਾ




# ਮਿਹਨਤ ਹੀ ਜੀਵਨ ਹੈ

ਕਿਰਪਾਰਾਮ ਨਾਮਕ ਇਕ ਵਿਅਕਤੀ ਸੀ। ਬੜਾ ਹੀ ਨੇਕ, ਇਮਾਨਦਾਰ ਅਤੇ ਮਿਹਨਤੀ। ਉਸਦੇ ਦੋ ਲੜਕੇ ਸਨ। ਦੋਵੇਂ ਦੇ ਦੋਵੇਂ ਆਲਸੀ, ਇਕ ਨੰਬਰ ਦੇ ਕੰਮਚੋਰ ਅਤੇ ਅਵਾਰਾ ਸਨ। ਕਿਰਪਾਰਾਮ ਬੁੱਢਾ ਹੋ ਚਲਿਆ ਸੀ। ਉਸ ਨੇ ਦੋਹਾਂ ਲੜਕਿਆਂ ਦੇ ਵਿਆਹ ਜਿਵੇਂ-ਤਿਵੇਂ ਚੰਗੇ ਪਰਿਵਾਰਾਂ ਵਿੱਚ ਕਰਵਾ ਦਿੱਤੇ ਸਨ। ਦੋਵੇਂ ਲੜਕੇ ਦਿਨ ਭਰ ਪਏ ਰਹਿੰਦੇ ਅਤੇ ਪਤਨੀਆਂ ਚੀਕਦੀਆਂ ਰਹਿੰਦੀਆਂ ਸਨ। ਕਦੇ ਆਪਣੀ ਕਿਸਮਤ ਨੂੰ ਕੋਸਦੀਆਂ ਅਤੇ ਕਦੇ ਆਪਣੇ ਸਹੁਰੇ ਨੂੰ। ਹੁਣ ਕਿਰਪਾਰਾਮ ਦਾ ਦਿਮਾਗ ਕੰਮ ਨਹੀਂ ਕਰਦਾ ਸੀ। ਫਿਰ ਵੀ ਉਹ ਸੋਚਦਾ ਰਹਿੰਦਾ ਸੀ ਕਿ ਇਹਨਾਂ ਨੂੰ ਮਿਹਨਤ ਦੀ ਸਿਖਿਆ ਕਿਵੇਂ ਦਿੱਤੀ ਜਾਵੇ?

ਬਹੁਤ ਸੋਚ-ਸੋਚ ਕੇ ਇਕ ਦਿਨ ਕਿਰਪਾਰਾਮ ਨੇ ਤੀਰਥ-ਯਾਤਰਾ ਤੇ ਜਾਣ ਦੀ ਤਿਆਰੀ ਕੀਤੀ। ਜਾਂਦੇ-ਜਾਂਦੇ ਆਪਣੇ ਬੇਟਿਆਂ ਨੂੰ ਕਿਹਾ - ਮੈਂ ਆਪਣੇ ਖੇਤ ਵਿੱਚ ਕੁਝ ਰੁਪਏ-ਪੈਸੇ ਦੱਬ ਦਿੱਤੇ ਹਨ। ਮੇਰੀ ਗੈਰ-ਹਾਜ਼ਿਰੀ ਵਿੱਚ ਜਦ ਤੁਹਾਨੂੰ ਲੋੜ ਪਏ ਤਾਂ ਉਸ ਧਨ ਨੂੰ ਜ਼ਮੀਨ ਖੋਦ ਕੇ ਕੱਢ ਲੈਣਾ। ਐਨਾ ਕਹਿ ਕੇ ਕਿਰਪਾਰਾਮ ਆਪਣੀ ਤੀਰਥ-ਯਾਤਰਾ ਤੇ ਤੁਰ ਪਿਆ।

ਜਦ ਦੋਵੇਂ ਬੇਟਿਆਂ ਦੀਆਂ ਪਤਨੀਆਂ ਨੇ ਸੁਣਿਆ ਤਾਂ ਲਾਲਚ ਦੀ ਸੀਮਾਂ ਨਹੀਂ ਰਹੀ। ਉਹ ਦੋਵੇਂ ਆਪਣੇ-ਆਪਣੇ ਆਲਸੀ ਪਤੀਆਂ ਨੂੰ ਲਾਲਚ ਦਿੰਦੀਆਂ ਰਹੀਆਂ, ਕਲਪਨਾਵਾਂ ਦੇ ਪੁੱਲ ਬੰਨਦੀਆਂ ਰਹੀਆਂ। ਆਲਸੀ ਬੇਟਿਆਂ ਦੇ ਮਨ ਵਿੱਚ ਲਾਲਚ ਅਤੇ ਆਲਸ ਦਾ ਝਗੜਾ ਕੁਝ ਸਮੇਂ ਤਕ ਚਲਦਾ ਰਿਹਾ। ਅੰਤ ਵਿੱਚ ਲਾਲਚ ਦਾ ਪਲੜਾ ਭਾਰੀ ਰਿਹਾ ਅਤੇ ਦੋਹਾਂ ਭਰਾਵਾਂ ਨੇ ਧਨ



ਦੇ ਲਾਲਚ ਵਿੱਚ ਪੂਰਾ ਖੇਤ ਖੋਦ ਸੁਟਿਆ ਪ੍ਰੰਤੂ ਉਥੇ ਕੁਝ ਨਹੀਂ ਸੀ। ਉਹ ਦੋਵੇਂ ਬੜੇ ਦੁਖੀ ਹੋਏ ਅਤੇ ਉਹਨਾਂ ਨੇ ਅਨੁਭਵ ਕੀਤਾ ਕਿ ਪਿਤਾ ਜੀ ਨੇ ਉਹਨਾਂ ਤੋਂ ਬੇਕਾਰ ਵਿੱਚ ਹੀ ਮਿਹਨਤ ਕਰਵਾਈ ਹੈ।

ਕਿਰਪਾਰਾਮ ਨੇ ਪਹਿਲਾਂ ਤੋਂ ਹੀ ਯੋਜਨਾ ਬਣਾ ਰੱਖੀ ਸੀ। ਵਾਪਸ ਆ ਕੇ ਉਹ ਮੁਸਕਰਾਉਂਦੇ ਹੋਏ ਖੇਤ ਤੇ ਪਹੁੰਚੇ, ਵੇਖਿਆ ਕਿ ਖੇਤ ਪੂਰਾ ਖੁਦਿਆ ਹੋਇਆ ਹੈ ਅਤੇ ਦੋਵੇਂ ਬੇਟੇ ਇਕ ਪਾਸੇ ਉਦਾਸ ਬੈਠੇ ਹਨ।

ਕਿਰਪਾਰਾਮ ਬੋਲਿਆ- ਬਈ! ਤੁਸੀਂ ਉਦਾਸ ਕਿਉਂ ਹੋ? ਤੁਸੀਂ ਤਾਂ ਆਪਣੀ ਮਿਹਨਤ ਨਾਲ ਪੂਰਾ ਖੇਤ ਗੋਡ ਦਿੱਤਾ ਹੈ ਹੁਣ ਇਸ ਵਿੱਚ ਬੀਜ਼ ਪਾ ਦਿਉ।

ਦੋਹਾਂ ਲੜਕਿਆਂ ਨੇ ਆਪਣੇ ਬੁੱਢੇ ਪਿਤਾ ਕਿਰਪਾਰਾਮ ਦੀ ਗੱਲ ਮੰਨ ਲਈ। ਨਤੀਜਾ ਇਹ ਹੋਇਆ ਕਿ ਉਹਨਾਂ ਦੇ ਖੇਤ ਵਿੱਚ ਐਨੀ ਫਸਲ ਹੋਈ, ਜਿੰਨੀ ਪਹਿਲਾਂ ਕਦੇ ਨਹੀਂ ਹੋਈ ਸੀ। ਦੋਹਾਂ ਭਰਾਵਾਂ ਦੀ ਖੁਸ਼ੀ ਦਾ ਠਿਕਾਣਾ ਨਾ ਰਿਹਾ। ਉਹਨਾਂ ਦੀਆ ਪਤਨੀਆਂ ਦੀਆ ਕਲਪਨਾਵਾਂ ਵੀ ਸਾਕਾਰ ਹੋਣ ਲੱਗੀਆਂ।

ਆਖਿਰ ਬੁੱਢੇ ਪਿਤਾ ਕਿਰਪਾਰਾਮ ਨੇ ਆਪਣੇ ਦੋਹਾਂ ਬੇਟਿਆਂ ਨੂੰ ਸਿਖਾ ਦਿੱਤਾ ਕਿ ਮਿਹਨਤ ਹੀ ਜੀਵਨ ਵਿੱਚ ਸਫਲਤਾ ਦਾ ਮੰਤਰ ਹੈ। ■

### ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਡਾਲਰ 2) ਲਤਾ ਮੰਗੇਸ਼ਕਰ 3) ਵਿਲੀਅਮ ਸ਼ੈਕਸਪੀਅਰ 4) ਮੋਰ 5) ਬਿਹਾਰ 6) ਚਾਰ 7) ਦਾਮੋਦਰ 8) ਲੈਕਟੋਮੀਟਰ 9) ਸ਼ੋਏਬ ਅਖਤਰ 10) ਅਕਤੂਬਰ 11) ਰਵਿੰਦਰ ਨਾਥ ਟੈਗੋਰ 12) ਬਾਬਰ 13) ਸੰਤੂਰ 14) ਉਦਯਪੁਰ 15) ਹਰਿਦੁਆਰ



ਬਾਲ-ਲੇਖ : ਅੰਕੁਸ਼੍ਰੀ

# ਸਾਡੀਆਂ ਨਦੀਆਂ

ਕਲਕਲ - ਛਲਛਲ ਵਹਿੰਦੀ ਨਦੀ ਵੇਖਣ ਵਿੱਚ ਬੜੀ ਚੰਗੀ ਲੱਗਦੀ ਹੈ। ਉਸ ਵਿੱਚ ਛਪਾਛਪ ਇਸ਼ਨਾਨ ਕਰਨ ਦਾ ਬੜਾ ਮਜਾ ਆਉਂਦਾ ਹੈ। **ਸੰਭਵ ਹੈ, ਤੁਸੀਂ ਵੀ ਕਿਸੇ ਨਦੀ ਵਿੱਚ ਜ਼ਰੂਰ ਡੁਬਕੀਆਂ ਲਗਾਈਆਂ ਹੋਣ। ਸਿਰਫ ਇਸ਼ਨਾਨ ਹੀ ਨਹੀਂ ਪੀਣ ਦੇ ਪਾਣੀ ਲਈ ਵੀ ਨਦੀਆਂ ਦਾ ਖੂਬ ਉਪਯੋਗ ਹੁੰਦਾ ਹੈ। ਨਦੀ ਵਿੱਚ ਤੈਰਨਾ ਇਕ ਵਧੀਆ ਅਤੇ ਸਿਹਤਮੰਦ ਕਸਰਤ ਹੈ।**

**ਸਾਡੀਆਂ ਸਾਰੀਆਂ ਪ੍ਰਾਚੀਨ ਸਭਿਆਤਾਵਾਂ ਨਦੀਆਂ ਦੇ ਕਿਨਾਰੇ ਵੱਸਦੀਆਂ ਹਨ। ਨਦੀਆਂ ਦੇ ਕਿਨਾਰੇ ਵੱਸਣ ਨਾਲ ਪੀਣ ਦਾ ਜਲ ਤਾਂ ਮਿਲਦਾ ਹੀ ਹੈ, ਸਿੰਚਾਈ ਦੀ ਵੀ ਸਹੂਲਤ ਪ੍ਰਾਪਤ ਹੋ ਜਾਂਦੀ ਹੈ। ਨਦੀਆਂ ਦੇ ਕਿਨਾਰੇ ਸਭਿਅਤਾ ਵਿਕਸਿਤ ਹੋਣ** ਦਾ ਇਕ ਪ੍ਰਮੁੱਖ ਕਾਰਨ ਆਵਾਜਾਈ ਦੀ ਸਹੂਲਤ ਵੀ ਹੈ। ਪਹਿਲਾਂ ਥਲ ਮਾਰਗ ਦੀ ਤੁਲਨਾ ਵਿੱਚ ਜਲ ਮਾਰਗ ਰਾਹੀਂ ਆਉਣਾ-ਜਾਣਾ ਜਾਂ ਮਾਲ ਢੋਣਾ ਆਸਾਨ ਹੁੰਦਾ ਸੀ। ਅੱਜ ਵੀ ਜਲ ਮਾਰਗ ਰਾਹੀਂ ਕਿਸਤੀ ਅਤੇ ਜਹਾਜ਼ ਰਾਹੀਂ ਸਮਾਨ ਢੋਣ ਅਤੇ ਸਵਾਰੀਆਂ ਦੇ ਆਉਣ-ਜਾਣ ਦਾ ਕੰਮ ਹੁੰਦਾ ਹੈ।

ਨਦੀਆਂ ਧਰਮ ਨਾਲ ਵੀ ਜੁੜੀਆਂ ਹੋਈਆਂ ਹਨ। ਅਨੇਕ ਤੀਜ-ਤਿਉਹਾਰ ਤੇ ਨਦੀਆਂ ਦੇ ਕਿਨਾਰੇ ਮੇਲੇ ਦਾ ਆਯੋਜਨ ਹੁੰਦਾ ਹੈ। ਨਦੀ-ਇਸ਼ਨਾਨ **ਦੀਆਂ ਅਨੇਕਾਂ ਤਾਰੀਖਾਂ ਬਣੀਆਂ ਹੋਈਆਂ ਹਨ। ਅਜਿਹੀਆਂ ਤਾਰੀਖਾਂ ਤੇ ਰੋਜ ਨਹੀਂ ਜਾ ਸਕਣ ਵਾਲੇ ਦੂਰ-ਦੁਰਾਡੇ ਦੇ ਲੋਕ ਵੀ ਨਦੀ ਇਸ਼ਨਾਨ ਕਰਨ ਲਈ ਉਮੜ ਪੈਂਦੇ ਹਨ।**

ਹਾਲਾਂਕਿ ਨਦੀਆਂ ਦਾ ਰੂਪ ਹੁਣ ਉਹ ਨਹੀਂ ਰਿਹਾ, **ਜੋ ਕੁਝ ਪਹਿਲਾਂ ਸੀ। ਵਧਦੀ ਅਬਾਦੀ, ਸ਼ਹਿਰੀਕਰਣ ਅਤੇ ਉਦਯੋਗੀਕਰਣ ਨੇ ਨਦੀਆਂ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰ ਦਿਤਾ ਹੈ। ਦੇਸ਼ ਦੇ ਜ਼ਿਆਦਾਤਰ ਪ੍ਰਮੁਖ ਨਗਰ ਨਦੀਆਂ ਦੇ ਕਿਨਾਰੇ ਹੀ ਵੱਸੇ ਹਨ। ਸ਼ਹਿਰ ਦਿਨ-ਬ-ਦਿਨ ਆਬਾਦੀ ਦੇ ਬੋਝ** ਹੇਠਾਂ ਦੱਬਦੇ ਜਾ ਰਹੇ ਹਨ। ਵਧੀ ਹੋਈ ਆਬਾਦੀ ਦਾ ਕੂੜਾ-ਕਰਕਟ ਨਦੀਆਂ ਵਿੱਚ ਵਹਾਉਣ ਨਾਲ ਉਸਦਾ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ। ਕਈ ਨਦੀਆਂ ਦੀ ਹਾਲਤ ਅਜਿਹੀ ਹੋ ਗਈ ਹੈ ਕਿ ਉਹਨਾਂ ਦਾ ਜਲ ਕੁਝ ਜਗ੍ਹਾ ਪੀਣ ਜਾਂ ਇਸ਼ਨਾਨ ਕਰਨ ਯੋਗ ਵੀ ਨਹੀਂ ਰਿਹਾ।






ਉਦਯੋਗਾਂ ਦਾ ਨਿਰਮਾਣ ਵੀ ਨਦੀਆਂ ਦੇ ਨੇੜੇ ਕੀਤੇ ਜਾਣ ਦੀ ਮਜ਼ਬੂਰੀ ਰਹੀ ਹੈ। ਇਸ ਨਾਲ ਉਦਯੋਗਾਂ ਦਾ ਫਾਇਦਾ, ਕਚਰਾ ਆਦਿ ਨਦੀਆਂ ਵਿਚ ਵਹਾ ਦਿਤੇ ਜਾਣ ਵਿੱਚ ਸਹੂਲਤ ਰਹਿੰਦੀ ਸੀ। ਇਸ ਨਾਲ ਨਦੀਆਂ ਦਾ ਉਦਯੋਗਿਕ ਪ੍ਰਦੂਸ਼ਣ ਹੋ ਜਾਣਾ ਸੁਭਾਵਿਕ ਹੈ। ਉਦਯੋਗਾਂ ਦਾ ਸੁੱਕਾ ਜਾਂ ਤਰਲ ਕਚਰਾ ਨੇੜਲੀ ਨਦੀ ਵਿੱਚ ਵਹਾ ਦਿੱਤੇ ਜਾਣ ਦੀ ਪਰੰਪਰਾ ਜਿਹੀ ਰਹੀ ਹੈ। ਇਸ ਨਾਲ ਨਦੀਆਂ ਦਾ ਬੁਰੀ ਤਰ੍ਹਾਂ ਪ੍ਰਦੂਸ਼ਣ ਹੋ ਜਾਂਦਾ ਹੈ। ਇਹ ਚੰਗੀ ਗੱਲ ਹੈ ਕਿ ਹੁਣ ਅਜਿਹੇ ਉਦਯੋਗਾਂ ਨੂੰ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਨਦੀਆਂ ਦੇ ਕਿਨਾਰੇ ਲੱਗਣ ਵਾਲੇ ਮੇਲੇ ਜਾਂ ਹੱਟਾਂ ਨਾਲ ਵੀ ਪ੍ਰਦੂਸ਼ਣ ਫੈਲਦਾ ਹੈ। ਪਰਵ-ਤਿਓਹਾਰਾਂ ਦੇ ਮੌਕੇ ਤੇ ਭੀੜ-ਭੜੱਕੇ ਦੇ ਇਲਾਵਾ ਨਦੀਆਂ ਵਿੱਚ ਦੀਪ, ਫੁੱਲ, ਮੂਰਤੀਆਂ ਆਦਿ ਪ੍ਰਵਾਹਿਤ ਕਰ ਦਿਤੇ ਜਾਂਦੇ ਹਨ। ਇਸ ਨਾਲ ਨਦੀਆਂ ਪ੍ਰਦੂਸ਼ਿਤ ਹੋ ਜਾਂਦੀਆਂ ਹਨ।

ਆਵਾਜਾਈ ਦਾ ਨਦੀਆਂ ਨਾਲ ਪੁਰਾਣਾ ਸੰਬੰਧ ਰਿਹਾ ਹੈ। ਨਦੀਆਂ ਦੇ ਕਿਨਾਰੇ ਸ਼ਹਿਰਾਂ ਦਾ ਇਕ ਪ੍ਰਮੁਖ ਕਾਰਣ ਇਹ ਵੀ ਰਿਹਾ ਹੈ। ਬੇੜਾ, ਕਿਸ਼ਤੀ, ਮੋਟਰ ਬੋਟ, ਜਹਾਜ਼ ਆਦਿ ਦੇ ਮਾਧਿਅਮ ਨਾਲ ਨਦੀਆਂ ਨੂੰ ਪਾਰ ਕੀਤਾ ਜਾਂਦਾ ਹੈ। ਇਹੀ ਨਹੀਂ, ਨਦੀਆਂ ਤੋਂ ਹੋ ਕੇ ਦੂਰ-ਦੂਰ ਤਕ ਯਾਤਰਾਵਾਂ ਵੀ ਕੀਤੀਆਂ ਜਾਂਦੀਆਂ ਹਨ। ਇਹਨਾਂ ਦਾ ਅਸਰ ਨਦੀਆਂ ਦੇ ਪ੍ਰਦੂਸ਼ਣ ਤੇ ਪਏ ਬਿਨਾ ਨਹੀਂ ਰਹਿੰਦਾ। ਯਾਤਰੀਆਂ ਰਾਹੀਂ ਉਪਯੋਗ ਕੀਤੀਆਂ ਗਈਆਂ ਵਸਤੂਆਂ ਨੂੰ ਨਦੀਆਂ ਵਿੱਚ ਸੁੱਟਣ ਨਾਲ ਪ੍ਰਦੂਸ਼ਣ ਫੈਲਦਾ ਹੈ। ਜਹਾਜ਼ਾਂ ਤੋਂ ਨਿਕਲੇ ਕਚਰੇ ਨਾਲ ਵੀ ਨਦੀਆਂ ਪ੍ਰਦੂਸ਼ਿਤ ਹੋ ਜਾਂਦੀਆਂ ਹਨ।

ਸ਼ਹਿਰਾਂ ਵਿੱਚ ਚੱਲਣ ਵਾਲੇ ਬਾਕੀ ਵਾਹਨਾਂ ਦਾ ਵੀ ਨਦੀਆਂ ਦੇ ਪ੍ਰਦੂਸ਼ਣ ਤੇ ਅਸਰ ਪੈਂਦਾ ਹੈ। ਜ਼ਿਆਦਾਤਰ ਵਾਹਨ-ਚਾਲਕ ਆਪਣੇ ਵਾਹਨ ਦੀ ਸਫ਼ਾਈ ਨਦੀਆਂ ਵਿੱਚ ਹੀ ਕਰਦੇ ਹਨ। ਵਾਸਤਵਿਕਤਾ ਇਹ ਹੈ ਕਿ ਨਦੀਆਂ ਨੂੰ ਲੋਕਾਂ ਨੇ ਆਪਣੀ ਹਰ ਤਰ੍ਹਾਂ ਦੀ ਗੰਦਗੀ ਧੋਣ ਦਾ ਸਾਧਨ ਮੰਨ ਲਿਆ ਹੈ। ਲੋਕਾਂ ਦੀ ਇਹ ਮਾਨਸਿਕਤਾ ਨਦੀਆਂ ਦੇ ਲਈ ਸਭ ਤੋਂ ਵੱਧ ਘਾਤਕ ਹੈ।

ਪਿਆਰੇ ਬੱਚਿਉ! ਮਾਨਸਿਕਤਾ ਜਾਂ ਨੈਤਿਕਤਾ ਦਾ ਸੰਬੰਧ ਸੰਸਕਾਰ ਨਾਲ ਹੁੰਦਾ ਹੈ। ਮਾਤਾ-ਪਿਤਾ ਜਾਂ ਅਧਿਆਪਕ ਰਾਹੀ ਸੰਸਕਾਰ ਦਾ ਬੀਜ਼ ਬਚਪਨ ਵਿੱਚ ਹੀ ਬੀਜ਼ ਦਿਤਾ ਜਾਂਦਾ ਹੈ। ਇਸ ਲਈ ਤੁਹਾਨੂੰ ਬੱਚਿਆਂ ਨੂੰ ਸੰਸਕਾਰ ਦੀ ਆਦਤ ਸਿੱਖਣ ਦੇ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ। ਨਦੀਆਂ ਹੋਣ ਜਾਂ ਵਾਤਾਵਰਣ ਦੀਆਂ ਹੋਰ ਇਕਾਈਆਂ, ਉਹਨਾਂ ਨੂੰ ਤੁਸੀਂ ਪ੍ਰਦੂਸ਼ਣ ਮੁਕਤ ਰੱਖ ਸਕਦੇ ਹੋ।



– ਸੀਤਾਰਾਮ ਗੁਪਤਾ

# ਆਜੜੀ ਅਤੇ ਮੇਮਣਾ

ਇਕ ਪਿੰਡ ਵਿੱਚ ਇਕ ਆਜੜੀ ਰਹਿੰਦਾ ਸੀ। ਜਿਸ ਕੋਲ ਕੁਝ ਭੇਡਾਂ ਸਨ। ਇਕ ਦਿਨ ਜਦ ਉਹ ਦਿਨਭਰ ਆਪਣੀਆਂ ਭੇਡਾਂ ਨੂੰ ਜੰਗਲ ਵਿੱਚ ਚਰਵਾਉਣ ਦੇ ਬਾਦ ਸ਼ਾਮ ਨੂੰ ਘਰ ਵਾਪਿਸ ਆਇਆ ਤਾਂ ਉਸ ਨੇ ਆਪਣੀਆਂ ਸਾਰੀਆਂ ਭੇਡਾਂ ਨੂੰ ਸਾਵਧਾਨੀਪੂਰਵਕ ਇਕ ਵਾੜੇ ਵਿੱਚ ਬੰਨ ਦਿਤਾ ਸਿਵਾਏ ਇਕ ਮੇਮਣੇ ਦੇ। ਉਸ ਮੇਮਣੇ ਨੂੰ ਮੋਢਿਆਂ ਤੇ ਚੁੱਕ ਕੇ ਉਹ ਆਜੜੀ ਬਾਹਰ ਆਇਆ ਅਤੇ ਉਹਨੂੰ ਨੁਹਾ-ਧੁਆ ਕੇ ਤਾਜ਼ੀ-ਤਾਜ਼ੀ ਹਰੀ-ਹਰੀ ਘਾਹ ਖੁਆਈ। ਉਸਦੇ ਬਾਦ ਕਾਫੀ ਦੇਰ ਤਕ ਉਹ ਉਸ ਨੂੰ ਗੋਦ ਵਿੱਚ ਲੈ ਕੇ ਪਲੋਸਦਾ ਰਿਹਾ ਅਤੇ ਉਸਦੇ ਨਾਲ ਖੇਡਦਾ ਰਿਹਾ।

ਕੋਲੋਂ ਲੰਘ ਰਹੇ ਇਕ ਮਹਾਤਮਾ ਜੀ ਆਪਣੇ ਚੇਲਿਆਂ ਨਾਲ ਰੁਕ ਕੇ ਇਹ ਸਭ ਕੁਝ ਵੇਖਣ ਲੱਗੇ। ਉਹਨਾਂ ਨੂੰ ਹੈਰਾਨੀ ਹੋਈ ਕਿ ਇਕ ਮੇਮਣੇ ਦੇ ਨਾਲ ਹੀ ਅਜਿਹਾ ਵਿਵਹਾਰ ਕਿਉਂ?

ਮਹਾਤਮਾ ਆਜੜੀ ਦੇ ਕੋਲ ਆਇਆ ਅਤੇ ਪੁੱਛਿਆ, ''ਭਾਈ ਇਸ ਮੇਮਣੇ ਵਿੱਚ ਕਿਹੜੀ ਖਾਸ ਗੱਲ ਹੈ ਜੋ ਇਸ ਦੀ ਸੇਵਾ ਅਤੇ ਦੇਖਭਾਲ ਹੋ ਰਹੀ ਹੈ?''

ਆਜੜੀ ਨੇ ਕਿਹਾ ਕਿ ਮਹਾਤਮਾ ਜੀ, ਇਹ ਮੇਮਣਾ ਰੋਜ਼ ਜੰਗਲ ਵਿੱਚ ਭੱਜ ਜਾਂਦਾ ਹੈ ਅਤੇ ਮੁਸ਼ਕਿਲ ਨਾਲ ਮੇਰੇ ਹੱਥ ਆਉਂਦਾ ਹੈ। ਮੈਂ ਇਸ ਲਈ ਇਸ ਦੀ ਜ਼ਿਆਦਾ ਸੇਵਾ ਅਤੇ ਦੇਖਭਾਲ ਕਰ ਰਿਹਾ ਹਾਂ ਤਾਂਕਿ ਇਹ ਮੇਰੇ ਪ੍ਰੇਮ ਦੇ ਕਾਰਣ ਮੇਰੇ ਕੋਲ ਹੀ ਰਹੇ ਅਤੇ ਜੰਗਲ ਵਿੱਚ ਭਟਕ ਨਾ ਜਾਏ। ਜੇ ਇਹ ਜੰਗਲ ਵਿੱਚ ਭਟਕ ਗਿਆ ਤਾਂ ਕਿਸੇ ਜੰਗਲੀ ਜਾਨਵਰ ਦਾ ਸ਼ਿਕਾਰ ਬਣ ਜਾਏਗਾ।

ਮਹਾਤਮਾ ਨੇ ਆਪਣੇ ਚੇਲਿਆਂ ਨੂੰ ਕੋਲ ਬੁਲਾਇਆ ਅਤੇ ਕਿਹਾ, ''ਵੇਖੋ ਸੰਸਾਰ ਵਿੱਚ ਪਿਆਰ ਅਤੇ ਸੇਵਾ ਹੀ ਅਜਿਹੀਆਂ ਚੀਜ਼ਾਂ ਹਨ ਜਿਸ ਨੂੰ ਹਰ ਪ੍ਰਾਣੀ ਸਮਝਣ ਵਿੱਚ ਸਮਰਥ ਹੈ। ਮਨੁੱਖ ਲਈ ਤਾਂ ਇਹ ਬਹੁਤ ਜ਼ਰੂਰੀ ਹੈ। ਪਿਆਰ ਅਤੇ ਦੇਖਭਾਲ ਨਾ ਮਿਲਣ ਕਾਰਣ ਹੀ ਲੋਕ ਭਟਕ ਜਾਂਦੇ ਹਨ ਅਤੇ ਜੋ ਲੋਕ ਭਟਕ ਜਾਂਦੇ ਹਨ ਉਹਨਾਂ ਨੂੰ ਪਿਆਰ ਅਤੇ ਦੇਖਭਾਲ ਨਾਲ ਹੀ ਉਚਿਤ ਮਾਰਗ ਤੇ ਲਿਆਉਣਾ ਸੰਭਵ ਹੈ।'' ਇਹ ਪਿਆਰ ਹੀ ਹੈ ਜੋ ਇਕ ਪਰਿਵਾਰ, ਸਮਾਜ ਅਤੇ ਰਾਸ਼ਟਰ ਦਾ ਨਿਰਮਾਣ ਕਰਦਾ ਹੈ। ਪਿਆਰ ਅਤੇ ਦੇਖਭਾਲ ਹੀ ਸਾਨੂੰ ਹਰ ਪ੍ਰਕਾਰ ਤੋਂ ਸੁਰੱਖਿਅਤ ਰੱਖਣ ਵਿੱਚ ਸਮਰਥ ਹੈ।

ਪੰਛੀ ਜਗਤ (ਲੇਖ) : ਡਾ. ਭਾਰਦਵਾਜ

# ਜਲ ਪੰਛੀ ਹੰਸ



ਕੁਦਰਤ ਨੇ ਧਰਤੀ ਤੇ ਤਰ੍ਹਾਂ-ਤਰ੍ਹਾਂ ਦੇ ਜੀਵ-ਜੰਤੂਆਂ ਦੀ ਰਚਨਾ ਕੀਤੀ ਹੈ। ਇਹਨਾਂ ਵਿਚੋਂ ਇਕ ਹੈ ਹੰਸ। ਹਾਲਾਂਕਿ ਹੰਸ ਉਡੱਦੇ ਵੀ ਹਨ, ਲੇਕਿਨ ਇਹਨਾਂ ਨੂੰ ਜਲ ਪੰਛੀ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਆਪਣਾ ਜ਼ਿਆਦਾਤਰ ਜੀਵਨ ਸ਼ਾਂਤ ਜਲ ਵਿੱਚ ਹੀ ਗੁਜਾਰਦੇ ਹਨ।

ਹੰਸ ਏਨਾਟਿਡੇਈ ਪਰਿਵਾਰ ਦਾ ਸਭ ਤੋਂ ਵੱਡਾ ਜਲ ਪੰਛੀ ਹੈ। ਇਸ ਦੀਆਂ ਕੋਈ ਅੱਠ ਪ੍ਰਜਾਤੀਆਂ ਹੁੰਦੀਆਂ ਹਨ। ਜਿਹਨਾਂ ਵਿਚੋਂ ਪੰਜ ਸਫੈਦ ਹੁੰਦੀਆਂ ਹਨ। ਹੰਸ ਦੀ ਇਕ ਪ੍ਰਜਾਤੀ ਅਜਿਹੀ ਵੀ ਹੁੰਦੀ ਹੈ ਜਿਹਨੂੰ ਘੱਟ ਬੋਲਣ ਵਾਲਾ ਹੰਸ ਕਿਹਾ ਜਾਂਦਾ ਹੈ। ਇਸ ਪ੍ਰਜਾਤੀ ਦੇ ਹੰਸ ਕਦੇ-ਕਦਾਈ ਫੁੰਕਾਰ ਵੀ ਮਾਰਦੇ ਹਨ ਜਾਂ ਨੱਕ ਤੋਂ ਹਲਕੀ ਆਵਾਜ਼ ਕੱਢਦੇ ਹਨ। ਗੂੰਗਾਹੰਸ ਉਤਰੀ ਅਮਰੀਕਾ ਵਿੱਚ ਯੂਰਪ ਤੋਂ ਆਇਆ। ਆਮ ਤੌਰ ਤੇ ਇਹ ਪਾਰਕਾਂ ਦੀਆਂ ਝੀਲਾਂ ਜਾਂ ਛੋਟੇ ਤਲਾਬਾਂ ਵਿੱਚ ਵੇਖੇ ਜਾ ਸਕਦੇ ਹਨ। ਸਫੈਦ ਹੰਸ ਉਤੱਰੀ ਖੇਤਰਾਂ ਵਿੱਚ ਪਾਏ ਜਾਂਦੇ ਹਨ। ਪੱਛਮੀ ਕਨਾਡਾ ਅਤੇ ਉਤੱਰੀ ਅਮਰੀਕਾ ਵਿੱਚ ਮਿਲਣ ਵਾਲੇ ਹੰਸ 100 ਸੈਂਟੀਮੀਟਰ ਤਕ ਲੰਮੇ ਹੋ ਸਕਦੇ ਹਨ। ਟਰੰਪਟਰ ਹੰਸ ਦੀ ਲੰਬਾਈ ਇਹਨਾਂ ਤੋਂ ਵੀ ਜ਼ਿਆਦਾ 115 ਸੈਂਟੀਮੀਟਰ ਤਕ ਹੁੰਦੀ ਹੈ ਅਤੇ ਖੰਭਾਂ ਦਾ ਵਿਸਤਾਰ 225 ਸੈਂਟੀਮੀਟਰ ਤਕ ਹੋ ਸਕਦਾ ਹੈ। ਕਾਲੇ ਹੰਸ ਦੀਆਂ ਪ੍ਰਜਾਤੀਆਂ ਆਸਟ੍ਰੇਲੀਆ ਵਿੱਚ ਮਿਲਦੀਆਂ ਹਨ। ਇਸੇ ਪ੍ਰਕਾਰ ਨਾਰੰਗੀ ਟੰਗਾਂ ਵਾਲੇ ਹੰਸ ਦੱਖਣੀ ਅਮਰੀਕਾ ਵਿੱਚ ਮਿਲਦੇ ਹਨ।

ਹੰਸ ਦੀ ਗਰਦਨ ਲੰਮੀ, ਪੰਜੇ ਚੌੜੇ ਅਤੇ ਸਰੀਰ ਭਾਰੀ ਹੁੰਦਾ ਹੈ। ਨਰ ਅਤੇ ਮਾਦਾ ਹੰਸ ਦਿਸਣ ਵਿੱਚ ਇਕੋ ਜਿਹੇ ਲੱਗਦੇ ਹਨ। ਪਾਣੀ ਵਿੱਚ ਤੈਰਦੇ ਹੰਸ ਕਾਫੀ ਚੰਗੇ ਲੱਗਦੇ ਹਨ। ਹਮੇਸ਼ਾਂ ਇਹ ਜੋੜਿਆਂ ਵਿੱਚ ਤੈਰਦੇ ਹਨ। ਇਹ ਆਪਣੀ ਚੁੰਝ ਪਾਣੀ ਵਿੱਚ ਪਾ ਕੇ ਸਿਰ ਨਾਲ ਸਿਰ ਮਿਲਾ ਕੇ ਕਲੋਲ ਕਰਦੇ ਹੋਏ ਤੈਰਦੇ ਹਨ। ਨਰ ਅਤੇ ਮਾਦਾ ਆਪਣੇ ਗਲੇ ਤੋਂ ਅਲਗ-ਅਲਗ ਤਰ੍ਹਾਂ ਦੀਆਂ ਅਵਾਜ਼ਾਂ ਕੱਢਦੇ ਹਨ ਜਾਂ ਸੀਟੀ ਵਜਾਉਂਦੇ ਹਨ। ਹੰਸ ਉਡੱਣ ਵਿੱਚ ਵੀ ਮਾਹਿਰ ਹਨ ਲੇਕਿਨ ਇਹ ਤੈਰਦੇ ਹੋਏ ਗਲਾਈਡ ਕਰਕੇ ਉਡੱਦੇ ਹਨ ਯਾਨੀ ਪਹਿਲੇ ਕੁਝ ਦੇਰ ਪਾਣੀ ਦੀ ਸਤ੍ਹਾ ਤੇ ਭੱਜਦੇ ਹਨ ਅਤੇ ਫਿਰ ਉੜਾਨ ਭਰਦੇ ਹਨ।

ਮਾਦਾ ਹੰਸ ਇਕ ਵਾਰ ਵਿੱਚ 5 ਜਾਂ 6 ਅੰਡੇ ਦਿੰਦੀ ਹੈ, ਜੋ ਪੀਲੇ ਰੰਗ ਦੇ ਹੁੰਦੇ ਹਨ। ਇਹ ਆਲ੍ਹਣਾ ਬਣਾਉਣ ਦੀ ਬਜਾਏ ਘਾਹਫੂਸ ਦੇ ਢੇਰ ਤੇ ਆਪਣੇ ਅੰਡੇ ਰੱਖ ਦਿੰਦੀ ਹੈ। ਇਹਨਾਂ ਆਂਡਿਆਂ ਦੀ ਸੁਰੱਖਿਆ ਦਾ ਜਿੰਮਾ ਨਰ ਹੰਸ ਤੇ ਹੁੰਦਾ ਹੈ। ਜਦ ਆਂਡਿਆਂ ਵਿਚੋਂ ਬੱਚੇ ਨਿਕਲ ਆਉਂਦੇ ਹਨ ਤਾਂ ਕੁਝ ਹੀ ਸਮੇਂ ਵਿੱਚ ਉਹ ਪਾਣੀ ਵਿੱਚ ਤੈਰਨ ਲੱਗਦੇ ਹਨ।

ਹੰਸਾਂ ਦੀ ਉਮਰ ਕਾਫੀ ਲੰਮੀ ਹੁੰਦੀ ਹੈ। ਜੰਗਲੀ ਵਾਤਾਵਰਣ ਵਿੱਚ ਭਲੇ ਹੀ ਇਹ 20 ਸਾਲ ਜਿਉਂਦੇ ਹਨ, ਲੇਕਿਨ ਪਾਲਤੂ ਹੰਸ 50 ਸਾਲ ਤਕ ਜੀਅ ਸਕਦੇ ਹਨ। ਜਲ ਦੀ ਸਤ੍ਹਾ ਜਾਂ ਉਸਦੇ ਹੇਠਾਂ ਉਗਣ ਵਾਲੇ ਪੌਦੇ ਹੀ ਇਹਨਾਂ ਦਾ ਮੁੱਖ ਭੋਜਨ ਹੈ।

ਹੰਸ 108 ਕਿਲੋਮੀਟਰ ਪ੍ਰਤੀ ਘੰਟੇ ਦੀ ਉੜਾਨ ਕਰ ਸਕਦੇ ਹਨ। ਹੰਸ ਸਭ ਤੋਂ ਉਚੀ ਉੜਾਨ ਵੀ ਭਰਦੇ ਹਨ। ਇਕ ਵਾਰ ਤਾਂ ਸਕਾਟਲੈਂਡ ਦੇ ਉਪਰ ਇਕ ਹਵਾਈ ਜਹਾਜ਼ ਦੇ ਪਾਇਲਟ ਨੇ 8230 ਮੀਟਰ ਦੀ ਉਚਾਈ ਤੇ ਆਈਸਲੈਂਡ ਵੱਲੋਂ ਆਉਂਦੇ ਅਤੇ ਆਵਾਜ਼ ਕਰਦੇ ਹੋਏ 30 ਹੰਸਾਂ ਦਾ ਸਮੂਹ ਵੇਖਿਆ ਸੀ। ਇਹ ਹੰਸ ਰਡਾਰ ਦੇ ਪਰਦੇ ਤੇ ਵੀ ਦਿਸੇ ਸਨ।





❑ ਸੁੰਦਰਪਾਲ ਪ੍ਰੇਮੀ

# ਪੰਛੀ

ਪੰਛੀ ਲੱਗਦੇ ਪਿਆਰੇ ਨੇ।
ਰੰਗ ਇਹਨਾਂ ਦੇ ਨਿਆਰੇ ਨੇ।



ਕਿਸੇ ਨਾਲ ਕੁਫਰ ਨਾ ਤੋਲਦੇ ਨੇ।
ਮਿੱਠੀ ਬਾਣੀ ਬੋਲਦੇ ਨੇ।
ਅਜ਼ਾਦੀ ਦੇ ਇਹ ਵਣਜਾਰੇ ਨੇ।

ਦਿਨ ਚੜ੍ਹਦੇ ਉਡਾਰੀਆਂ ਲਾਉਂਦੇ ਨੇ।
ਸ਼ਾਮੀ ਆਪਣੇ ਰੈਣ-ਬਸੇਰੇ ਆਉਂਦੇ ਨੇ।
ਪੰਛੀ ਤਾਂ ਦਰਵੇਸ਼ ਵਿਚਾਰੇ ਨੇ।

ਆਪਸ ਵਿੱਚ ਨਾ ਟਕਰਾਉਂਦੇ ਨੇ।
ਮਿਲ ਕੇ ਰਹਿਣ ਦਾ ਸਬਕ ਸਿਖਾਉਂਦੇ ਨੇ।
ਇਕ ਦੂਜੇ ਦੇ ਬਣਦੇ ਸਹਾਰੇ ਨੇ।



ਮਨੁੱਖਤਾ ਦਾ ਭਲਾ ਪੰਛੀ ਚਾਹੁੰਦੇ ਨੇ।
ਹਰ ਮੌਸਮ ਵਿੱਚ ਮੁਸਕਰਾਉਂਦੇ ਨੇ।
ਅਮਨਾਂ ਦੇ ਲਾਉਂਦੇ ਨਾਅਰੇ ਨੇ।

ਪੰਛੀਆਂ ਨੂੰ ਮੈਂ ਚੋਗਾ ਪਾਉਂਦਾ ਹਾਂ।
ਇਹਨਾਂ ਨਾਲ ਦਿਲ ਪਰਚਾਉਂਦਾ ਹਾਂ।
ਇਹਨਾਂ ਦੀ ਸੰਗਤ 'ਚ ਨਜ਼ਾਰੇ ਨੇ।

ਪੰਛੀਆਂ ਦੀ ਘੱਟ ਰਹੀ ਹੈ ਉਡਾਰ।
ਮੈਨੂੰ ਕਰਦੀ ਇਹਨਾਂ ਦੀ ਘਾਟ ਬੇਕਰਾਰ।
''ਪ੍ਰੇਮੀ'' ਦੀਆਂ ਅੱਖਾਂ ਦੇ ਤਾਰੇ ਨੇ।

ਪ੍ਰੇਰਕ ਪ੍ਰਸੰਗ : ਵਿਭਾ ਵਰਮਾ

# ਕਲਾ ਦਾ ਪਾਰਖੀ ਕੌਣ?

ਰਾਜਾ ਕ੍ਰਿਸ਼ਨਦੇਵ ਨੂੰ ਸੰਗੀਤ ਨਾਲ ਬਹੁਤ ਪਿਆਰ ਸੀ। ਇਕ ਵਾਰ ਉਹਨਾਂ ਨੇ ਬਨਾਰਸ ਤੋਂ ਕਿਸੇ ਪ੍ਰਸਿੱਧ ਗਵਈਏ ਨੂੰ ਬੁਲਾਇਆ। ਰਾਤ ਤਕ ਦਰਬਾਰ ਵਿੱਚ ਉਸ ਤੋਂ ਰਾਗ ਸੁਣਦੇ ਰਹੇ। ਦਰਬਾਰੀ ਅੱਕ ਰਹੇ ਸਨ ਫਿਰ ਵੀ ਰਾਜਾ ਨੂੰ ਖੁਸ਼ ਕਰਨ ਲਈ ਵਾਹ! ਵਾਹ! ਕਹਿ ਰਹੇ ਸਨ। ਅਚਾਨਕ ਰਾਜਾ ਦੀ ਨਿਗਾਹ ਤੇਨਾਲੀਰਾਮ ਤੇ ਪਈ। ਉਹ ਇਕ ਕੋਨੇ ਵਿੱਚ ਚੁਪਚਾਪ ਬੈਠਾ ਸੀ, ਉਹ ਝਪਕੀ ਲੈ ਰਿਹਾ ਸੀ। ਵੇਖਦੇ ਸਾਰ ਹੀ ਰਾਜਾ ਨਰਾਜ ਹੋ ਗਿਆ। ਰਾਗ ਖਤਮ ਹੋ ਗਿਆ। ਰਾਜਾ ਨੇ ਤੇਨਾਲੀਰਾਮ ਨੂੰ ਬੁਲਾਇਆ। ਉਹ ਸੁੱਤਾ ਪਿਆ ਸੀ। ਸਿਪਾਹੀ ਉਹਨੂੰ ਫੜ ਕੇ ਰਾਜੇ ਦੇ ਸਾਮ੍ਹਣੇ ਲੈ ਆਏ।

ਰਾਜਾ ਬੋਲਿਆ - ਤੇਨਾਲੀਰਾਮ, ਤੁਸੀਂ ਮਹਿਮਾਨ ਗਵਈਏ ਦੇ ਨਾਲ-ਨਾਲ ਮੇਰਾ ਵੀ ਅਪਮਾਨ ਕੀਤਾ ਹੈ। ਆਦੇਸ਼ ਦੇ ਉਲਟ ਤੁਸੀਂ ਦਰਬਾਰੀ ਮਹਿਫਲ ਵਿੱਚ ਸਾਰਾ ਸਮਾਂ ਸੌਂਦੇ ਰਹੇ। ਤੁਹਾਨੂੰ ਸਖਤ ਸਜਾ ਮਿਲਣੀ ਚਾਹੀਦੀ ਹੈ। ਤੁਸੀਂ ਮੇਰਾ ਰਾਜ ਛੱਡ ਕੇ ਤੁਰੰਤ ਚਲੇ ਜਾਉ।

ਦਰਬਾਰੀ ਖੁਸ਼ ਹੋ ਗਏ। ਤੇਨਾਲੀਰਾਮ ਤ੍ਰੱਬਕ ਗਿਆ। ਫਿਰ ਬੋਲਿਆ- ਮਹਾਰਾਜ, ਆਪ ਦਾ ਆਦੇਸ਼ ਸਿਰ-ਮੱਥੇ ਤੇ। ਮਾਂ ਬਚਪਨ ਵਿੱਚ ਲੋਰੀਆਂ ਸੁਣਾਉਂਦੀ ਸੀ। ਉਹਨਾਂ ਦੀਆਂ ਲੋਰੀਆਂ ਸੁਣ ਕੇ ਸੁਧ-ਬੁਧ ਗਵਾ ਬਹਿੰਦਾ ਸੀ। ਅੱਜ ਦਾ ਸੰਗੀਤ ਸੁਣ ਕੇ ਮੈਨੂੰ ਇੰਝ ਹੀ ਲੱਗਾ ਜਿਵੇਂ ਮੈਂ ਮਿੱਠੀਆਂ ਲੋਰੀਆਂ ਸੁਣ ਰਿਹਾ ਹਾਂ। ਮੈਨੂੰ ਕੁਝ ਵੀ ਹੋਸ਼ ਨਹੀਂ ਰਹੀ।

ਰਾਜਾ ਨੇ ਗਵਈਏ ਵੱਲ ਵੇਖਿਆ। ਗਵਈਆ ਮੁਸਕਰਾ ਕੇ ਬੋਲਿਆ - ਇਹੀ ਸਭ ਤੋਂ ਵੱਡਾ ਕਲਾ ਪਾਰਖੀ ਹੈ ਮਹਾਰਾਜ। ਇਹਨੂੰ ਮਾਫ਼ ਕਰ ਦਿਉ। ਰਾਜਾ ਨੇ ਤੇਨਾਲੀਰਾਮ ਨੂੰ ਮਾਫ਼ ਕਰ ਦਿਤਾ ਅਤੇ ਇਨਾਮ ਵੀ ਦਿੱਤਾ।

ਪਿਆਰੇ ਬੱਚਿਉ! ਅਸਲੀਅਤ ਇਹੀ ਹੈ ਕਿ ਜੋ ਲੋਕ ਦਿਮਾਗ ਤੋਂ ਜਾਗ੍ਰਿਤ ਰਹਿੰਦੇ ਹਨ, ਉਹ ਨਿਰਭੈ ਵੀ ਰਹਿੰਦੇ ਹਨ ਅਤੇ ਆਪਣੇ ਉਪਰ ਆਏ ਦੁਖ ਦਾ ਨਿਵਾਰਣ ਵੀ ਉਹ ਤੁਰੰਤ ਕਰ ਲੈਂਦੇ ਹਨ। ਐਨਾ ਹੀ ਨਹੀਂ ਉਹ ਆਪਣੀ ਦਿਮਾਗੀ ਊਰਜਾ ਨਾਲ ਭਰੇ ਰਹਿੰਦੇ ਹਨ।



❑ ਨਿਰਮਲ ਪ੍ਰੇਮੀ

# ਨਜ਼ਰੀਆ

ਕੰਨਫਯੂਸ਼ੀਅਸ ਚੀਨ ਦੇ ਬਹੁਤ ਵੱਡੇ ਵਿਚਾਰਕ ਸੰਤ ਹੋਏ ਹਨ। ਇਕ ਦਿਨ ਉਨ੍ਹਾਂ ਦੇ ਕੋਲ ਇਕ ਜੁਗਿਆਸੂ ਆ ਕੇ ਬੋਲਿਆ – ਸ਼੍ਰੀ ਮਾਨ ਜੀ, ਮੈਂ ਮਨ ਨੂੰ ਜਿੱਤ ਕੇ ਉਸ ਤੇ ਆਪਣਾ ਅਧਿਕਾਰ ਕਰਨਾ ਚਾਹੁੰਦਾ ਹਾਂ। ਇਸ ਲਈ ਮੈਂ ਬੜੇ ਯਤਨ ਕੀਤੇ ਹਨ ਪਰ ਅਜੇ ਤਕ ਮੈਨੂੰ ਕਾਮਯਾਬੀ ਨਹੀਂ ਮਿਲੀ ਹੈ। ਤੁਹਾਡੇ ਬਾਰੇ ਵਿਚ ਸੁਣਿਆ ਹੈ ਕਿ ਤੁਸੀਂ ਬੜੇ ਚਿੰਤਕ, ਵਿਚਾਰਕ ਅਤੇ ਸਾਧਕ ਹੋ। ਕ੍ਰਿਪਾ ਕਰਕੇ ਤੁਸੀਂ ਹੀ ਮੈਨੂੰ ਰਾਹ ਦਿਖਾਉ।

ਕੰਨਫਯੂਸ਼ੀਅਸ ਉਸ ਦੀ ਗੱਲ ਸੁਣ ਕੇ ਮੁਸਕੁਰਾਏ ਅਤੇ ਬੋਲੇ – ਭਾਈ ਸਹਿਬ ! ਐਨੀ ਜਿਹੀ ਗੱਲ ਦੇ ਲਈ ਇਥੇ ਆਉਣ ਦਾ ਕਸ਼ਟ ਕੀਤਾ। ਖੈਰ, ਇਹ ਦੱਸੋ ਕਿ ਤੁਸੀਂ ਸੁਣਦੇ ਕਿਹਦੇ ਨਾਲ ਹੋ?

ਜੁਗਿਆਸੂ ਨੇ ਜਵਾਬ ਦਿਤਾ – ਮੈਂ ਕੰਨਾਂ ਨਾਲ ਸੁਣਦਾ ਹਾਂ।

ਤੁਸੀਂ ਦੇਖਦੇ ਕਿਸ ਨਾਲ ਹੋ? ਵਿਚਾਰਕ ਨੇ ਪੁੱਛਿਆ।

ਜਗਿਆਸੂ ਨੇ ਕਿਹਾ – ਮੈ ਅੱਖਾਂ ਨਾਲ ਦੇਖਦਾ ਹਾਂ।

ਕੰਨਫਯੂਸ਼ੀਅਸ ਨੇ ਕਿਹਾ – ਮੈਨੂੰ ਵਿਸ਼ਵਾਸ ਨਹੀਂ ਹੁੰਦਾ ਕਿ ਤੁਸੀਂ ਕੰਨਾਂ ਨਾਲ ਸੁਣਦੇ ਅਤੇ ਅੱਖਾਂ ਨਾਲ ਦੇਖਦੇ ਹੋ। ਇਹ ਦੋਵੇਂ ਕੰਮ ਤੁਸੀਂ ਮਨ ਨਾਲ ਕਰ ਰਹੇ ਹੋ। ਜਿਸ ਦਾ ਕੰਮ ਉਸੇ ਨੂੰ ਕਰਨ ਦੇਵੋ, ਇਹ ਮਨ ਆਪਣੇ ਆਪ ਇਕ ਥਾਂ ਟਿਕ ਜਾਵੇਗਾ।

ਜਗਿਆਸੂ ਨੇ ਪੁੱਛਿਆ – ਉਹ ਕਿਵੇਂ?

ਕੰਨਫਯੂੈਸ਼ੀਅਸ ਬੋਲੇ, – ਕੰਨਾਂ ਦਾ ਕੰਮ ਸੁਨਣਾ ਹੈ ਪਰ ਮਨ ਦਾ ਕੰਮ ਚੰਗਾ ਜਾਂ ਬੁਰਾ ਦੱਸਣਾ ਹੈ। ਜੋ ਸਿਰਫ ਸੁਣਦਾ ਹੈ ਉਹ ਕੰਨ ਹੈ। ਜੋ ਸੁਣੇ ਹੋਏ ਸ਼ਬਦ ਨੂੰ ਚੰਗਾ ਬੁਰਾ ਦੱਸਦਾ ਹੈ ਉਹ ਮਨ ਹੈ। ਇਸ ਲਈ ਸ਼ਬਦ ਨੂੰ ਸੁਣੋ। ਇੰਝ ਹੀ ਅੱਖਾਂ ਦਾ ਕੰਮ ਦੇਖਣਾ ਹੈ। ਜਦ ਕਿ ਮਨ ਦਾ ਕੰਮ ਸੁੰਦਰ ਅਤੇ ਬਦਸੂਰਤ ਦੱਸਣਾ ਹੈ।

ਸ਼ਬਦ ਅਤੇ ਰੂਪ ਚੰਗੇ ਜਾਂ ਬੁਰੇ ਨਹੀ ਹੁੰਦੇ। ਚੰਗਾ ਜਾਂ ਬੁਰਾ ਤਾਂ ਮਨ ਹੈ। ਇਸ ਲਈ ਮਨ ਨੂੰ ਮਨ ਦਾ ਕੰਮ ਕਰਨ ਦੇਵੋ ਅਤੇ ਇੰਦਰੀਆਂ ਨੂੰ ਇੰਦਰੀਆਂ ਦਾ। ਦੋਹਾਂ ਦੇ ਕੰਮ ਵਿਚ ਤਾਲਮੇਲ ਨਾ ਹੋਣ ਦੇਣਾ। ਇਹੋ ਜਿਹਾ ਹੋਣ ਤੇ ਤੁਸੀਂ ਮਨ ਤੇ ਰਾਜ ਕਰ ਕਰਦੇ ਹੋ।

ਕੰਨਫਯੂਸ਼ੀਅਸ ਦੀ ਗੱਲ ਸੁਣ ਕੇ ਜਗਿਆਸੂ ਨੇ ਕਿਹਾ – ਹੁਣ ਮੈ ਆਪਣੇ ਨਜ਼ਰੀਏ ਨੂੰ ਦਰੁਸਤ ਕਰ ਲਊਂਗਾ।

ਕੰਨਫਯੂੈਸ਼ੀਅਸ ਬੋਲੇ – ਨਜ਼ਰੀਆ ਠੀਕ ਹੁੰਦਿਆਂ ਹੀ ਦੁਨੀਆ ਦਾ ਨਜ਼ਾਰਾ ਬਦਲ ਜਾਵੇਗਾ।



# ਰੰਗ ਭਰੋ





ਨਾਂ ............................................................................ ਉਮਰ..........

ਪੂਰਾ ਪਤਾ..............................................................................

..............................................................................................

..............................................................................................

# ਜੁਲਾਈ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

**ਅਨੰਨਿਆ ਗਰਗ (ਉਮਰ 6 ਸਾਲ)**
**ਹੋਲੀਮਿਸ਼ਨ ਕਾਨਵੈਂਟ ਸਕੂਲ**
**ਲਹਿਰਾਗਾਗਾ, ਜ਼ਿਲਾ – ਸੰਗਰੂਰ (ਪੰਜਾਬ)**

**ਦੂਸਰਾ ਨੰ :**

**ਮਨਪ੍ਰੀਤ ਕੌਰ (ਉਮਰ 13 ਸਾਲ)**
**ਪਿੰਡ ਧਰਮਪੁਰਾ,**
**ਜ਼ਿਲਾ – ਬਰਨਾਲਾ (ਪੰਜਾਬ)**

**ਤੀਸਰਾ ਨੰ :**

**ਅਰਸ਼ਦੀਪ ਕੌਰ (ਉਮਰ 10 ਸਾਲ)**
**ਪਿੰਡ ਤੇ ਡਾਕਖਾਨਾ – ਘਰਾਚੋਂ**
**ਜ਼ਿਲਾ – ਸੰਗਰੂਰ (ਪੰਜਾਬ)**

## ਪਸੰਦ ਕੀਤੇ ਗਏ –

ਆਸਥਾ (ਬਰਗਾੜੀ),
ਯੋਗੇਸ਼ ਸ਼ਰਮਾ (ਭਾਗਲ),
ਸੁਨੀਤਾ (ਨਵਾਂ ਸ਼ਹਿਰ),
ਗੁਰਲੀਨ ਕੌਰ (ਡਫਾਰ),
ਦਿਆਲ ਕੌਰ (ਹੀਰੋਂਖੁਰਦ),
ਮਨਪ੍ਰੀਤ ਕੌਰ ਚਹਿਲ (ਹੀਰੋਂਖੁਰਦ),
ਮੋਹਿਤ (ਤਲਵੰਡੀ ਭਾਈ),
ਵਿਪਿਤ ਬਜਾਜ (ਖੁਸਹਾਲ ਪੁਰ),
ਯਸ਼ਿਕਾ (ਡੇਰਾ ਬਾਬਾ ਨਾਨਕ),
ਸ਼ਿਵਪ੍ਰੀਤ ਸਿੰਘ (ਅਮਰਾਲੀ),
ਸ਼ੁਭਮ (ਪੁਰਹੀਰਾ),
ਸਾਹਿਲ ਸੇਠੀ (ਤਲਵੰਡੀ ਭਾਈ),
ਸੁਖਪ੍ਰੀਤ ਸਿੰਘ (ਮਾਨਸਾ),
ਸਿਮਰਨ ਕੌਰ (ਧਰਮਪੁਰਾ),
ਹੈਵਨ-ਸੁਮਨ (ਫਗਵਾੜਾ),
ਏਕਤਾ (ਹਰੀਕੇ ਪੱਤਣ),
ਨਿਤਿਨ ਕੰਡਾ (ਤਲਵੰਡੀ ਭਾਈ)




## ਸਤੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਸਤੰਬਰ 2018 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਨਵੰਬਰ 2018 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

❑ ਬਲਵਿੰਦਰ 'ਬਾਲਮ'

# ਰੁੱਖ

ਖੱਟੇ ਮਿੱਠੇ ਕੌੜੇ ਲੂਣੇ ਖਾਰੇ ਰੁੱਖ।
ਸਾਨੂੰ ਤਾਂ ਇਹ ਸਾਰੇ ਲੱਗਦੇ ਪਿਆਰੇ ਰੁੱਖ।

ਤੜਕਸਵੇਰਾ, ਉਚੇ ਪਰਬਤ, ਝਰਨੇ, ਜਲ,
ਬਾਰਿਸ਼ ਦੇ ਵਿੱਚ ਦਿੰਦੇ ਖੂਬ ਨਜ਼ਾਰੇ ਰੁੱਖ।


ਚੰਨ ਦੀ ਲੋਅ ਵਿੱਚ ਪਿਆਰੇ-ਪਿਆਰੇ ਫੁੱਲ ਖਿੜਦੇ,
ਧਰਤੀ ਉਤੇ ਲੱਗਣ ਵਾਂਗ ਸਿਤਾਰੇ ਰੁੱਖ।

ਸਭ ਪ੍ਰਾਣੀ ਇਹਨਾਂ ਕਰਕੇ ਸਾਹ ਲੈਂਦੇ ਨੇ,
ਏਸੇ ਕਰਕੇ ਸਭ ਦੇ ਬਣਨ ਸਹਾਰੇ ਰੁੱਖ।

ਰੁੱਖ ਹੋਵਣਗੇ ਤਾਂ ਹੀ ਜੀਵਨ ਹੋਵੇਗਾ,
ਰੱਬ ਨੇ ਇਸ ਲਈ ਧਰਤੀ ਉਤੇ ਉਤਾਰੇ ਰੁੱਖ।

ਸੁੱਕ ਚੁੱਕਾ ਹਾਂ ਰੱਬਾ ਮੀਂਹ ਦੇ ਛਿੱਟੇ ਪਾ,
ਮਾਰੂਥਲ ਦੀ ਧਰਤੀ ਵਿੱਚ ਪੁਕਾਰੇ ਰੁੱਖ।

ਆਉ ! ਮਿਲ ਕੇ ਜੀਵਨ ਦੇਈਏ ਇਹਨਾਂ ਨੂੰ,
ਔੜ 'ਚ 'ਬਾਲਮ' ਸੁੱਕਦੇ ਜਾਣ ਵਿਚਾਰੇ ਰੁੱਖ।



❑ ਸੀ.ਐਲ. ਗੁਲਾਟੀ (ਸਕੱਤਰ ਸੰ:ਨਿ:ਮੰ:)

# ਵਿਸ਼ਵ ਵਿੱਚ ਬੱਚਿਆਂ ਦਾ ਸਥਾਨ

ਸੰਯੁਕਤ ਰਾਸ਼ਟਰ ਚਿਲਡਰਨ ਫੰਡ ਦੇ ਦਫ਼ਤਰੀ ਨਿਰਦੇਸ਼ਕ ਸ਼੍ਰੀ ਜੇਮਸ ਪੀ.ਗ੍ਰਾਂਟ ਨੇ ਵਿਸ਼ਵਭਰ ਦੇ ਬੱਚਿਆਂ ਪ੍ਰਤੀ ਆਪਣੀ ਰਿਪੋਰਟ - 1995 ਵਿੱਚ ਚੇਤਾਵਨੀ ਭਰਿਆ ਸੰਦੇਸ਼ ਦਿੰਦੇ ਹੋਏ ਕਿਹਾ ਸੀ- ''ਜਦ ਤਕ ਬੱਚਿਆਂ ਦੇ ਵਿਕਾਸ ਵਿੱਚ ਅਸੀਂ ਵਿਸ਼ੇਸ਼ ਰੁਚੀ ਨਹੀਂ ਲੈਂਦੇ ਤਦ ਤਕ ਲੰਬੇ ਸਮੇਂ ਤੋਂ ਬਣੀਆਂ ਹੋਈਆਂ ਬਹੁਤ ਸਾਰੀਆਂ ਬੁਨਿਆਦੀ ਸਮੱਸਿਆਵਾਂ ਬਣੀਆਂ ਰਹਿਣਗੀਆਂ।'' ਆਪ ਨੇ ਯਾਦ ਦਿਵਾਇਆ ਕਿ ਸੰਨ 1980 ਵਿੱਚ 159 ਦੇਸ਼ਾਂ ਨੇ ਆਪਣੇ ਇਕ ਵਿਸ਼ੇਸ਼ ਸੈਸ਼ਨ ਵਿੱਚ ਬੱਚਿਆਂ ਦੀਆਂ ਲੋੜਾਂ ਅਤੇ ਸਮੱਸਿਆਵਾਂ ਤੇ ਉੱਚ ਪੱਧਰੀ ਵਿਚਾਰ-ਵਟਾਂਦਰਾ ਕਰਕੇ ਇਕ ਚੰਗਾ ਵਾਇਦਾ ਕੀਤਾ ਸੀ ਜਿਸ ਵਿੱਚ ਵਿਸ਼ਵ ਦੇ ਸਾਰੇ ਨੇਤਾਵਾਂ ਨੇ ਬੱਚਿਆਂ ਲਈ ਨਾ ਕੇਵਲ ਉਚੇ ਅਸੂਲਾਂ ਦੀ ਹੀ ਚਰਚਾ ਕੀਤੀ ਸੀ ਬਲਕਿ ਇਕ ਕਾਰਜ-ਯੋਜਨਾ ਵੀ ਲਿਖਿਤ ਰੂਪ ਵਿੱਚ ਪੇਸ਼ ਕੀਤੀ ਸੀ। ਇਸ ਕਾਰਜ-ਯੋਜਨਾ ਵਿੱਚ ਸਾਰੇ ਦੇਸ਼ਾਂ ਦੇ ਨਾਗਰਿਕਾਂ ਨੂੰ ਜ਼ਿੰਮੇਵਾਰੀ ਦਿੱਤੀ ਗਈ ਕਿ ਉਹ ਆਪਣੇ ਨੇਤਾਵਾਂ ਅਤੇ ਸਰਕਾਰਾਂ ਨੂੰ ਵੇਖਣ ਕਿ ਬੱਚਿਆਂ ਦੇ ਹਿੱਤ ਲਈ ਕੀ ਕਰ ਰਹੇ ਹਨ? ਅਤੇ ਕੀ ਨਹੀਂ ਕਰ ਰਹੇ ਹਨ?

ਆਪ ਨੇ ਬੇਨਤੀ ਕੀਤੀ ਕਿ ਅਸੀਂ ਸਾਰੇ ਰਾਸ਼ਟਰੀ ਸਰਕਾਰਾਂ, ਵਿਧਾਨ ਮੰਡਲ, ਸਰਕਾਰੀ ਕਰਮਚਾਰੀਆਂ ਅਤੇ ਸਾਰੇ ਨਾਗਰਿਕਾਂ ਨੂੰ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਲਈ ਯਤਨ ਕਰੀਏ। ਜ਼ਿਆਦਾ ਤੋਂ ਜ਼ਿਆਦਾ ਬੱਚਿਆਂ ਦੇ ਚਿਹਰਿਆਂ ਤੇ ਖੁਸ਼ੀ ਦੀ ਮੁਸਕਾਨ ਹੋਵੇ। ਹਰੇਕ ਵਿਅਕਤੀ ਦਾ ਅਜਿਹਾ ਯੋਗਦਾਨ ਮੰਗਿਆ ਗਿਆ ਹੈ ਕਿ ਸਾਰੇ ਮਿਲ ਕੇ ਬੱਚਿਆਂ ਨੂੰ ਪੂਰੇ ਉਤਸ਼ਾਹ ਨਾਲ ਅਗੇ ਲਿਆਉਣ ਅਤੇ ਸਮਾਜ ਦੀ ਸ਼ਾਨ ਵਧਾਉਣ।

ਵਧਦੀ ਹੋਈ ਸੰਪਰਦਾਇਕ ਹਿੰਸਾ ਨੂੰ ਵੇਖ ਕੇ ਕਈ ਕਾਲਜਾਂ ਦੇ ਵਾਈਸ-ਚਾਂਸਲਰਸ ਨੇ ਪ੍ਰਸਿੱਧ ਸਮਾਚਾਰਪੱਤਰਾਂ ਦੇ ਪ੍ਰਤੀਨਿਧੀਆਂ ਨਾਲ ਭੇਂਟਵਾਰਤਾ ਵਿੱਚ ਸੰਨ 1985 ਵਿੱਚ ਦੱਸਿਆ ਸੀ ਕਿ ਸਮਾਜ ਨੂੰ ਜੋੜਨ ਵਾਲੀਆਂ ਇਤਿਹਾਸਕ ਗੱਲਾਂ ਅਤੇ ਸਾਰੇ ਧਰਮਾਂ ਦੀ ਬੁਨਿਆਦੀ ਏਕਤਾ ਦਰਸਾਉਣ ਵਾਲੇ ਲੇਖਾਂ ਦੀਆਂ ਕਿਤਾਬਾਂ ਬੱਚਿਆਂ ਦੀ ਮੁਢਲੀ ਸਿਖਿਆ ਦਾ ਅੰਗ ਹੋਣੀਆਂ ਚਾਹੀਦੀਆਂ ਹਨ। ਇਸ ਸੁਝਾਅ ਨੂੰ ਆਦਰਸ਼ ਦੱਸਦੇ ਹੋਏ ਕਿਸੇ ਨੇ ਵੀ ਇਸਦੀ ਪੂਰਣ ਰੂਪ ਨਾਲ ਪ੍ਰਵਾਨਗੀ ਨਹੀਂ ਦਿੱਤੀ। ਰਾਂਚੀ ਯੂਨੀਵਰਸਿਟੀ ਦੇ ਇਕ



ਪ੍ਰਸਿੱਧ ਮਨੋਵਿਗਿਆਨਕ ਨੇ ਦੱਸਿਆ ਕਿ ਦੇਸ਼-ਪ੍ਰੇਮ ਦੀ ਭਾਵਨਾ, ਜਾਂ ਧਰਮਨਿਰਪੱਖਤਾ ਬੱਚਿਆਂ ਨੂੰ ਸ਼ੁਰੂਆਤੀ ਜੀਵਨ ਵਿੱਚ ਹੀ ਸਿਖਾਈ ਜਾ ਸਕਦੀ ਹੈ ਕਿਉਂਕਿ ਮਤਭੇਦ ਬੱਚਿਆਂ ਵਿੱਚ ਪੰਜ ਤੋਂ ਦਸ ਸਾਲ ਤਕ ਪ੍ਰਵੇਸ਼ ਕਰ ਜਾਂਦਾ ਹੈ ਜੋ ਬਹੁਤ ਹੀ ਵਿਨਾਸ਼ਕਾਰੀ ਸਿੱਧ ਹੁੰਦਾ ਹੈ। ਉਸਮਾਨੀਆਂ ਯੂਨੀਵਰਸਿਟੀ ਰਿਪੋਰਟ ਦੇ ਮੁਤਾਬਿਕ ਅਗਰ ਜਲਦੀ ਹੀ ਠੋਸ ਕਦਮ ਨਹੀਂ ਉਠਾਏ ਗਏ ਤਾਂ ਸਾਡੇ ਬੱਚੇ ਈਰਖਾ ਅਤੇ ਸ਼ੱਕੀ ਮਾਹੌਲ ਵਿੱਚ ਪਲਣਗੇ ਅਤੇ ਅੰਦਰੂਨੀ ਭਿੰਨਤਾ ਜਾਂ ਮਾਨਸਿਕ ਬੇ-ਆਰਾਮੀ ਦੇਸ਼ ਨੂੰ ਤਬਾਹ ਕਰ ਦੇਵੇਗੀ।



ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਅੱਜ ਸੰਸਾਰਭਰ ਦੀਆਂ ਅੱਖਾਂ ਬੱਚਿਆਂ ਤੇ ਲੱਗੀਆਂ ਹੋਈਆਂ ਹਨ। ਬੱਚਿਆਂ ਨੂੰ ਵਿਸ਼ਵ ਸਮਾਜ ਦੀ ਜਾਇਦਾਦ ਕਿਹਾ ਜਾਂਦਾ ਹੈ ਤਾਂ ਕੋਈ ਇਹਨਾਂ ਨੂੰ ਵਿਸ਼ਵ ਦਾ ਭਵਿੱਖ ਕਹਿੰਦਾ ਹੈ। ਅੱਜ ਸਾਰੇ ਇਸ ਗੱਲ ਤੇ ਸਹਿਮਤ ਹਨ ਕਿ ਬੱਚਿਆਂ ਦੀ ਸੁਰੱਖਿਆ ਅਤੇ ਖੁਸ਼ੀ ਨਾਲ ਹੀ ਵਿਸ਼ਵ ਅਤੇ ਸਮਾਜ ਦਾ ਕਲਿਆਣ ਅਤੇ ਵਿਕਾਸ ਸੰਭਵ ਹੋ ਸਕਦਾ ਹੈ।

ਹੁਣ ਪ੍ਰਸ਼ਨ ਉਠੱਦਾ ਹੈ ਕਿ ਬੱਚਿਆਂ ਦਾ ਮਾਰਗਦਰਸ਼ਨ ਕਿਵੇਂ ਹੋਵੇ, ਜਿਸ ਨਾਲ ਉਹ ਚੰਗੇ ਨਾਗਰਿਕ ਬਣਨ ਅਤੇ ਵਿਸ਼ਵ ਦੀ ਸ਼ਾਨ ਵਧਾਉਣ। ਬੱਚਿਆਂ ਦੀਆਂ ਲੋੜਾਂ ਦੀ ਪੂਰਤੀ ਦੇ ਨਾਲ-ਨਾਲ ਜਦ ਤਕ ਉਹਨਾਂ ਦੀ ਵਿਚਾਰਧਾਰਾ ਵਿੱਚ ਸ਼ੁਧਤਾ ਨਹੀਂ ਆਉਂਦੀ ਤਾਂ ਸਮਾਜ ਦੇ ਹਾਲਾਤ ਵਿੱਚ ਵੀ ਸੁਧਾਰ ਸੰਭਵ ਨਹੀਂ ਹੁੰਦਾ ਬਲਕਿ ਚੰਗੇ ਹਾਲਾਤ ਵੀ ਵਿਗੜ ਜਾਂਦੇ ਹਨ। ਅਗਰ ਵਿਚਾਰਧਾਰਾ ਠੀਕ ਹੈ ਤਾਂ ਹਾਲਾਤ ਆਪਣੇ ਆਪ ਠੀਕ ਹੋਣ ਲੱਗਦੇ ਹਨ। ਜ਼ਿਆਦਾ ਧਿਆਨ ਬੱਚਿਆਂ ਦੇ ਚਰਿੱਤਰ ਨਿਰਮਾਣ ਤੇ ਦੇਣਾ ਹੈ। ਬਾਕੀ ਕਿਸੇ ਵੀ ਚੀਜ਼ ਦੀ ਘਾਟ ਆਉਣ ਤੇ ਇਨਸਾਨ ਸੰਭਲ ਜਾਂਦਾ ਹੈ ਪ੍ਰੰਤੂ ਚਰਿੱਤਰ ਗਿਆ ਤਾਂ ਸਮਝੋ ਸਭ ਕੁਝ ਗਿਆ। ਸ਼ਾਇਦ ਇਸ ਲਈ ਹੀ ਪੁਰਾਤਨ ਸਮੇਂ ਵਿੱਚ ਲੋਕ ਬੱਚਿਆਂ ਨੂੰ ਗੁਰੂ ਦੇ ਕੋਲ ਸਿਖਿਆ ਗ੍ਰਹਿਣ ਕਰਨ ਲਈ ਭੇਜਿਆ ਕਰਦੇ ਸਨ ਤਾਂ ਕਿ ਬੱਚਾ ਵਿਦਵਾਨ ਅਤੇ ਗੁਣਵਾਨ ਇਨਸਾਨ ਬਣੇ ਅਤੇ ਆਪਣੇ ਜੀਵਨ ਦਾ ਸਦਉਪਯੋਗ ਕਰਦੇ ਹੋਏ ਸਮਾਜ ਦਾ ਕਲਿਆਣ ਕਰੇ।

ਇਕ ਵਾਰ ਕੁਝ ਚੰਚਲ ਸੁਭਾਅ ਦੇ ਬੱਚੇ ਇਕ ਮਹਾਤਮਾ ਦੇ ਕੋਲ ਗਏ ਜਿਸ ਦੀ ਹਰੇਕ ਗੱਲ ਸੱਚੀ ਹੁੰਦੀ ਸੀ। ਬੱਚਿਆਂ ਨੇ ਇਕ ਪੰਛੀ ਲੈ ਕੇ ਛਾਲ ਹੇਠਾਂ ਲੁਕਾ ਲਿਆ ਅਤੇ ਪੁੱਛਣਾ ਚਾਹਿਆ ਕਿ ਪੰਛੀ ਜ਼ਿੰਦਾ ਹੈ ਜਾਂ ਮਰਿਆ ਹੈ। ਉਹਨਾਂ ਦੀ ਯੋਜਨਾ ਸੀ ਕਿ ਅਗਰ ਮਹਾਤਮਾ ਪੰਛੀ 'ਜੀਵਤ' ਕਹੇਗਾ ਤਾਂ ਛਾਲ ਦੇ ਅੰਦਰ ਹੀ ਪੰਛੀ ਦੀ ਗਰਦਨ ਦਬਾ ਕੇ ਮਰਿਆ ਹੋਇਆ ਦਿਖਾਇਆ ਜਾਏਗਾ। ਅਗਰ ਉਹ ਪੰਛੀ 'ਮਰਿਆ ਹੋਇਆ' ਕਹੇਗਾ ਤਾ ਉਹਨੂੰ ਜ਼ਿੰਦਾ ਦਿਖਾਇਆ ਜਾਏਗਾ। ਅਸਲ ਵਿੱਚ ਉਹ ਮਹਾਤਮਾ ਨੂੰ ਝੂਠਾ ਸਿੱਧ ਕਰਨਾ ਚਾਹੁੰਦੇ ਸਨ। ਜਦ ਬੱਚਿਆਂ ਨੇ ਮਹਾਤਮਾ ਤੋਂ ਆਪਣਾ ਪ੍ਰਸ਼ਨ ਪੁੱਛਿਆ ਕਿ ਪੰਛੀ ਮਰਿਆ ਹੋਇਆ ਹੈ ਜਾਂ ਜ਼ਿੰਦਾ ਤਾਂ ਅਗੋਂ ਉੱਤਰ ਮਿਲਿਆ, ''ਪੰਛੀ ਦਾ ਮਰਨਾ ਅਤੇ ਜੀਣਾ ਤਾਂ ਹੁਣ ਤੁਹਾਡੇ ਹੱਥ ਵਿੱਚ ਹੈ।'' ਇਹ ਉੱਤਰ ਸੁਣ ਕੇ ਬੱਚੇ ਬਹੁਤ ਹੀ ਪ੍ਰਭਾਵਿਤ ਹੋਏ। ਠੀਕ ਇਸੇ ਤਰ੍ਹਾਂ ਆਉਣ ਵਾਲਾ ਸਮਾਂ ਉਸ ਪੰਛੀ ਦੀ ਤਰ੍ਹਾਂ ਬੱਚਿਆਂ ਦੇ ਹੱਥ ਵਿੱਚ ਹੈ ਅਤੇ ਬੱਚਿਆਂ ਦੀ ਵਿਚਾਰਧਾਰਾ ਨੂੰ ਸਹੀ ਮੋੜ ਦੇਣਾ ਮਹਾਤਮਾ ਦੇ ਵਚਨ ਦੀ ਤਰ੍ਹਾਂ ਅੱਜ ਸਮਾਜ ਦੇ ਹੱਥ ਵਿੱਚ ਹੈ।

# ਕਦੇ ਨਾ ਭੁੱਲੋ

- ਜੇਕਰ ਕਮੀਜ਼ ਨੂੰ ਪਹਿਲਾ ਬਟਨ ਹੀ ਗਲਤ ਲਾਇਆ ਜਾਵੇ ਤਾਂ ਬਾਕੀ ਬਟਨ ਆਪਣੇ ਆਪ ਗਲਤ ਲੱਗਦੇ ਜਾਂਦੇ ਹਨ। ਸਾਨੂੰ ਕਿਸੇ ਵੀ ਕੰਮ ਲਈ ਪਹਿਲਾ ਕਦਮ ਆਪਣੀ ਮੈਂ ਨੂੰ ਮਾਰ ਕੇ ਉਠਾਉਣਾ ਚਾਹੀਦਾ ਹੈ।

(ਸਤਿਗੁਰੂ ਮਾਤਾ ਸੁਦਿਕਸ਼ਾ ਸਵਿੰਦਰ ਹਰਦੇਵ ਜੀ ਮਹਾਰਾਜ)

- ਸਹਿਣਸ਼ੀਲਤਾ ਮਹਾਂਪੁਰਸ਼ਾਂ ਦਾ ਸਭ ਤੋਂ ਚੰਗਾ ਗੁਣ ਹੈ।
- ਬਾਬਾ ਜੀ ਦੀਆਂ ਸਿਖਿਆਵਾਂ ਨੂੰ ਜੀਵਨ ਵਿੱਚ ਅਪਨਾਉਣ ਦੀ ਬਹੁਤ ਲੋੜ ਹੈ।

(ਮਾਤਾ ਸਵਿੰਦਰ ਹਰਦੇਵ ਜੀ)

- ਮਹਾਨ ਉਹ ਹੀ ਹੈ ਜੋ ਮਹਾਨ ਗੁਰੂਆਂ-ਅਵਤਾਰਾਂ ਦੇ ਆਦੇਸ਼ -ਉਪਦੇਸ਼ ਆਪਣੇ ਜੀਵਨ ਵਿੱਚ ਅਪਨਾਉਂਦਾ ਹੈ।

(ਬਾਬਾ ਗੁਰਬਚਨ ਸਿੰਘ ਜੀ)

- ਨਫ਼ਰਤ ਕੇਵਲ ਪ੍ਰੇਮ ਨਾਲ ਹੀ ਮਿਟਦੀ ਹੈ, ਨਫ਼ਰਤ ਨਾਲ ਨਹੀਂ।
- ਬੁਰੇ ਲੋਕਾਂ ਦੀ ਸੰਗਤ ਸਾਡੀਆਂ ਚੰਗੀਆਂ ਆਦਤਾਂ ਨੂੰ ਵੀ ਖਰਾਬ ਕਰ ਦਿੰਦੀ ਹੈ।

(ਬਾਈਬਲ)

- ਸਫਲਤਾ ਦਾ ਨੁਸਖਾ ਬੜਾ ਆਸਾਨ ਹੈ। ਜੋ ਸਹੀ ਹੈ ਉਸ ਨੂੰ ਉਸੇ ਸਮੇਂ ਸਹੀ ਤਰੀਕੇ ਨਾਲ ਕਰੋ।
- ਕੱਲ ਡਿਗ ਪਏ ਸੀ ਤਾਂ ਕੀ ਹੋਇਆ। ਅੱਜ ਫਿਰ ਖੜੇ ਹੋ ਜਾਉ।

(ਮੈਕਲ ਮੂਲਰ)

- ਗਲਤੀ ਕਰਨਾ ਮਨੁੱਖ ਦਾ ਸੁਭਾਅ ਹੈ ਪਰ ਕੀਤੀ ਗਲਤੀ ਨੂੰ ਸਵੀਕਾਰ ਕਰਨਾ ਵੀਰਤਾ ਦੀ ਨਿਸ਼ਾਨੀ ਹੈ।
- ਪ੍ਰੇਮ ਇਕ ਅਜਿਹੀ ਸ਼ਕਤੀ ਹੈ ਜੋ ਦੁਸ਼ਮਣੀ ਨੂੰ ਵੀ ਦੋਸਤੀ ਵਿੱਚ ਬਦਲ ਸਕਦੀ ਹੈ।

(ਮਾਰਟਨ ਲੂਥਰ)

- ਜੋ ਆਪਣਾ ਕੰਮ ਕਰਨ ਤੋਂ ਬਿਨਾ ਹੀ ਭੋਜਨ ਕਰ ਲੈਂਦਾ ਹੈ, ਉਹ ਚੋਰ ਹੈ।
- ਸਭ ਵੱਡੀਆਂ ਗਲਤੀਆਂ ਦਾ ਮੂਲ ਕਾਰਣ ਅਹੰਕਾਰ ਹੀ ਹੁੰਦਾ ਹੈ।

(ਸ਼ੇਖ ਸ਼ਾਅਦੀ)

- ਮਹਾਂਪੁਰਸ਼ ਦੀ ਪਹਿਲੀ ਪਹਿਚਾਣ ਹੈ ਉਸ ਦੀ ਨਿਮਰਤਾ।
- ਧੀਰਜ ਰੱਖਣਾ ਬੜਾ ਮੁਸ਼ਕਿਲ ਕੰਮ ਹੈ ਪਰ ਇਸ ਦਾ ਫਲ ਬੜਾ ਮਿੱਠਾ ਹੁੰਦਾ ਹੈ।

(ਮਹਾਂਭਾਰਤ)

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ

❑ ਪ੍ਰਤੀਕਸ਼ਾ ਅਤੇ ਸੁਦਿਕਸ਼ਾ

# ਪਿਆਰੇ ਬੱਚੇ



ਰਾਤੀਂ ਮੈਨੂੰ ਸੁਪਨਾ ਆਇਆ।
ਬਾਬਾ ਜੀ ਨੇ ਆਣ ਜਗਾਇਆ।
ਮੇਰੇ ਕੰਨ ਵਿੱਚ ਹੌਲੀ-ਹੌਲੀ,
ਉਨ੍ਹਾਂ ਨੇ ਮੈਨੂੰ ਸਮਝਾਇਆ।
ਪਾਪਾ ਤੇ ਮੰਮੀ ਦਾ ਕਹਿਣਾ,
ਚੰਗੇ ਬਣ ਕੇ ਮੰਨਦੇ ਰਹਿਣਾ।
ਪਿਆਰ ਨਾਲ ਸੰਗਤ ਵਿੱਚ ਆਉਣਾ,
ਡਿਗਦਿਆਂ ਨੂੰ ਹੈ ਅਸੀਂ ਉਠਾਉਣਾ।
ਵੱਡਿਆਂ ਦਾ ਕਰਨਾ ਸਤਿਕਾਰ,
ਛੋਟਿਆਂ ਦੇ ਨਾਲ ਕਰਨਾ ਪਿਆਰ।
ਗੁਰੂ ਦਰ ਬਣ ਕੇ ਰਹੀਏ ਦਾਸ,
ਹੱਥ ਜੋੜ ਕਰੀਏ ਅਰਦਾਸ।
ਸਭ ਦੀ ਅੱਖ ਦੇ ਬਣਨਾ ਤਾਰੇ।
ਲੱਗੋਗੇ ਫਿਰ ਸਭ ਨੂੰ ਪਿਆਰੇ।







ਪ੍ਰੇਰਕ ਪ੍ਰਸੰਗ : ਜਗਦੀਸ਼ ਕੌਸ਼ਿਕ

# ਨਮਕ ਦੀ ਲਾਜ

ਇਕ ਵਾਰ ਇਕ ਚੋਰ, ਚੋਰੀ ਕਰਨ ਲਈ ਘਰ ਤੋਂ ਨਿਕਲਿਆ, ਚਲਦੇ-ਚਲਦੇ ਉਹ ਨੇੜੇ ਦੇ ਇਕ ਨਗਰ ਵਿੱਚ ਪਹੁੰਚ ਗਿਆ। ਰਾਤ ਦੇ ਲਗਭਗ 11 ਵਜੇ ਦਾ ਸਮਾਂ ਸੀ। ਉਹ ਇਕ ਮੰਦਿਰ ਦੇ ਕੋਲੋਂ ਗੁਜਰ ਰਿਹਾ ਸੀ। ਮੰਦਿਰ ਵਿੱਚ ਕਥਾ ਹੋ ਰਹੀ ਸੀ। ਚੋਰ ਨੇ ਸੋਚਿਆ ਕਿ ਲੋਕ ਜਾਗ ਰਹੇ ਹਨ। ਚੋਰੀ ਕਰਨ ਦਾ ਸਮਾਂ ਨਹੀਂ ਹੈ। ਥੋੜੀ ਦੇਰ ਇਥੇ ਬੈਠ ਕੇ ਕਥਾ ਹੀ ਕਿਉਂ ਨਾ ਸੁਣ ਲਵਾਂ। ਇਸ ਬਹਾਨੇ ਭਗਵਾਨ ਦਾ ਨਾਮ ਵੀ ਕੰਨਾਂ ਵਿੱਚ ਪੈ ਜਾਏਗਾ। ਉਸਦੀ ਕਿਰਪਾ ਨਾਲ ਸ਼ਾਇਦ ਚੰਗਾ ਮਾਲ ਹੱਥ ਲੱਗ ਜਾਏ। ਅਜਿਹਾ ਸੋਚ ਕੇ ਉਹ ਸਰੋਤਿਆਂ ਵਿੱਚ ਬੈਠ ਗਿਆ। ਕਥਾ ਵਿੱਚ ਨਮਕ ਬਾਰੇ ਕੋਈ ਪ੍ਰਸੰਗ ਚਲ ਰਿਹਾ ਸੀ। ਪੰਡਿਤ ਜੀ ਦੱਸ ਰਹੇ ਸਨ ਕਿ ਮਨੁੱਖ ਜਿਸ ਦੇ ਘਰ ਦਾ ਨਮਕ ਇਕ ਵਾਰ ਵੀ ਖਾ ਲਏ ਤਾਂ ਉਸਨੂੰ ਹਰਾਮ ਨਹੀਂ ਕਰਨਾ ਚਾਹੀਦਾ, ਉਸ ਘਰ ਦਾ ਬੁਰਾ ਕਰਨਾ ਤਾਂ ਕੀ, ਬੁਰਾ ਸੋਚਣਾ ਵੀ ਨਹੀਂ ਚਾਹੀਦਾ। ਜਿਥੋਂ ਤਕ ਹੋ ਸਕੇ ਉਸ ਘਰ ਦੀ ਭਲਾਈ ਹੀ ਕਰਨੀ ਚਾਹੀਦੀ ਹੈ। ਨਮਕ ਖਾ ਕੇ ਉਹਨੂੰ ਹਰਾਮ ਕਰਨ ਵਾਲਾ ਮਨੁੱਖ ਪਾਪੀ ਹੁੰਦਾ ਹੈ, ਉਸਨੂੰ ਕਿਤੇ ਚੈਨ ਨਹੀਂ ਮਿਲ ਸਕਦਾ। ਕਥਾ ਸਮਾਪਤ ਹੋ ਗਈ। ਸਾਰੇ ਲੋਕ ਆਪਣੇ-ਆਪਣੇ ਘਰਾਂ ਨੂੰ ਚਲ ਪਏ। ਚੋਰ ਵੀ ਕਿਸੇ ਧਨੀ ਦੇ ਘਰ ਦੀ ਭਾਲ ਵਿੱਚ ਚਲ ਪਿਆ।



ਇਕ ਘਰ ਨੂੰ ਆਪਣੇ ਲਈ ਸੁਰੱਖਿਅਤ ਸਮਝ ਕੇ ਉਸਦੇ ਅੰਦਰ ਚਲਾ ਗਿਆ। ਉਸ ਨੇ ਸਾਰਾ ਕੀਮਤੀ ਸਮਾਨ ਇੱਕਠਾ ਕਰਕੇ ਕਪੜੇ ਵਿੱਚ ਬੰਨ ਲਿਆ। ਕੀਮਤੀ ਸਮਾਨ ਮਿਲਣ ਦੇ ਕਾਰਨ ਉਹ ਬਹੁਤ ਖੁਸ਼ ਸੀ। ਅਚਾਨਕ ਉਹਨੂੰ ਭੁੱਖ ਮਹਿਸੂਸ ਹੋਈ ਅਤੇ ਉਹ ਰਸੋਈ ਵਿੱਚ ਚਲਾ ਗਿਆ। ਲੋਕ ਜਾਗ ਨਾ ਜਾਣ ਇਸ ਲਈ ਉਸਨੇ ਬਿਜਲੀ ਨਾ ਜਗਾਈ। ਹਨ੍ਹੇਰੇ ਵਿੱਚ ਹੀ ਇਕ ਡੱਬਾ ਖੋਲ੍ਹਿਆ, ਉਸ ਵਿੱਚ ਇਕ ਰੋਟੀ ਪਈ ਸੀ, ਉਸਨੇ ਰੋਟੀ ਦਾ ਟੁਕੜਾ ਤੋੜ ਕੇ ਮੂੰਹ ਵਿੱਚ ਪਾ ਲਿਆ। ਇਹ ਕੀ ! ਰੋਟੀ ਨਮਕੀਨ ਸੀ। ਰੋਟੀ ਦੇ ਟੁਕੜੇ ਦੇ ਨਾਲ ਨਮਕ ਦਾ ਕੁਝ ਅੰਸ਼ ਵੀ ਉਸਦੇ ਪੇਟ ਵਿੱਚ ਚਲਾ ਗਿਆ।

ਉਹਨੂੰ ਕਥਾ ਵਿੱਚ ਨਮਕ ਵਾਲੀ ਸੁਣੀ ਗੱਲ ਭੁੱਲੀ ਨਹੀਂ ਸੀ। ਉਹਨੂੰ ਧਿਆਨ ਆਇਆ ਕਿ ਇਸ ਘਰ ਦਾ ਨਮਕ ਖਾ ਲਿਆ ਗਿਆ ਹੈ, ਚਾਹੇ ਅਣਜਾਣੇ ਵਿੱਚ ਹੀ ਖਾਧਾ ਗਿਆ ਹੈ, ਪ੍ਰੰਤੂ ਖਾਧਾ ਤਾਂ ਗਿਆ ਹੀ ਹੈ; ਉਸ ਦਾ ਵਿਵੇਕ ਜਾਗ ਪਿਆ। ਮਨ ਨੇ ਸੰਕੇਤ ਦਿਤਾ- ਇਸ ਮਾਲ ਨੂੰ ਲੈ ਜਾਣ ਨਾਲ ਤੂੰ 'ਨਮਕ ਹਰਾਮ' ਬਣ ਜਾਏਗਾ, ਤੈਨੂੰ ਨਰਕ ਵਿੱਚ ਵੀ ਸਥਾਨ ਨਹੀਂ ਮਿਲ ਸਕੇਗਾ, ਤੈਨੂੰ ਇਹ ਪਾਪ ਕਰਮ ਨਹੀਂ ਕਰਨਾ ਚਾਹੀਦਾ। ਅਜਿਹਾ ਸੋਚ ਕੇ ਉਸ ਨੇ ਸਾਰਾ ਸਾਮਾਨ ਉਥੇ ਛੱਡ ਦਿਤਾ। ਇਕ ਕਾਗਜ ਤੇ ਇਹ ਸ਼ਬਦ ਲਿਖ ਕੇ ਕਾਗਜ ਉਥੇ ਛੱਡ ਕੇ ਚਲਾ ਗਿਆ-



ਸ਼੍ਰੀਮਾਨ ਜੀ ! ਮੈਂ ਤੁਹਾਡੇ ਘਰ ਚੋਰੀ ਕੀਤੀ, ਪ੍ਰੰਤੂ ਅਚਾਨਕ ਆਪਦਾ ਨਮਕ ਵੀ ਮੇਰੇ ਸਰੀਰ ਦੇ ਅੰਦਰ ਚਲਾ ਗਿਆ, ਇਸ ਲਈ ਮੈਂ ਨਮਕ ਹਰਾਮ ਨਾ ਬਣ ਕੇ ਨਮਕ ਹਲਾਲ ਬਣ ਕੇ ਖਾਧੇ ਨਮਕ ਦਾ ਹੱਕ ਅਦਾ ਕਰ ਰਿਹਾ ਹਾਂ। ਆਪ ਦਾ ਮਾਲ ਇਥੇ ਛੱਡ ਕੇ ਜਾ ਰਿਹਾ ਹਾਂ। ਆਸ ਹੈ ਆਪ ਮੇਰੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਮੈਨੂੰ ਮਾਫ਼ ਕਰੋਗੇ। ਧੰਨਵਾਦ। ■



# ਦਾਦਾ ਜੀ

ਚਿੱਤਰਕਾਰੀ ਅਤੇ ਲੇਖਕ - ਅਜੈ ਕਾਲੜਾ








ਮੋਨੂੰ ਬੱਸ ਦੀ ਖਿੜਕੀ ਵਾਲੀ ਸੀਟ ਤੇ ਬੈਠਾ, ਉਸਦੇ ਨਾਲ ਚੰਦਾ ਅਤੇ ਫਿਰ ਦਾਦਾ ਜੀ। ਉਸ ਦਿਨ ਮੌਸਮ ਵੀ ਬੜਾ ਸੁਹਾਵਨਾ ਹੋ ਗਿਆ, ਉਹ ਯਾਤਰਾ ਦਾ ਆਨੰਦ ਲੈ ਰਹੇ ਸਨ।
ਕੁਝ ਦੇਰ ਬਾਅਦ ਉਹਨਾਂ ਨੇ ਬੱਸ ਵਿਚੋਂ ਆਵਾਜ਼ਾਂ ਸੁਣੀਆਂ ਕਿ ਬੱਚੀ ਬੇਹੋਸ਼ ਹੋ ਗਈ ਹੈ। ਮੋਨੂੰ ਅਤੇ ਚੰਦਾ ਹੈਰਾਨ ਹੋ ਗਏ।
ਮੋਨੂੰ ਬੋਲਿਆ- ਚਲੋ ਵੇਖਦੇ ਹਾਂ ਕਿ ਬੱਚੀ ਨੂੰ ਕੀ ਹੋਇਆ ਹੈ?
ਚੰਦਾ ਅਤੇ ਦਾਦਾ ਜੀ ਨੇ ਵੀ ਕਿਹਾ - ਹਾਂ-ਹਾਂ, ਚਲੋ ਵੇਖਦੇ ਹਾਂ।


ਮੋਨੂੰ ਨੇ ਕਿਹਾ – ਮੈਂ ਇਕ ਪੁਸਤਕ ਵਿੱਚ First Aid ਬਾਰੇ ਪੜਿਆ ਸੀ, ਜਲਦੀ ਨਾਲ ਪਾਣੀ ਦਿਉ, ਉਹਨੂੰ ਸੀਟ ਤੇ ਬਿਠਾਉ, ਖਿੜਕੀਆਂ ਖੋਲ੍ਹ ਦਿਉ, ਉਸਦੇ ਕੋਲ ਹਵਾ ਆਉਣ ਦਿਉ।
ਵੇਖੋ! ਉਹ ਬੱਚੀ ਹੋਸ਼ ਵਿੱਚ ਆ ਰਹੀ ਹੈ। ਚੰਦਾ ਦੇ ਕੋਲ ਕੁਝ ਸੰਤਰੇ ਸਨ, ਉਸਨੇ ਇਕ ਸੰਤਰਾ ਬੱਚੀ ਨੂੰ ਦਿੱਤਾ। ਬੱਚੀ ਪਹਿਲਾਂ ਨਾਲੋਂ ਬਿਹਤਰ ਹੋ ਗਈ ਸੀ।
ਹੁਣ ਮੋਨੂੰ ਅਤੇ ਚੰਦਾ ਬੱਚੀ ਨਾਲ ਖੇਡਣ ਲਗ ਗਏ।
ਇਹ ਵੇਖ ਕੇ ਬੱਚੀ ਦੇ ਮੰਮੀ-ਪਾਪਾ ਨੇ ਉਹਨਾਂ ਦੋਹਾਂ ਦਾ ਧੰਨਵਾਦ ਕਰਦੇ ਹੋਏ ਕਿਹਾ- ਕਿੰਨੇ ਚੰਗੇ ਬੱਚੇ ਹੋ, ਈਸ਼ਵਰ ਤੁਹਾਡੀ ਉਮਰ ਲੰਮੀ ਕਰੇ।


ਥੋੜੀ ਦੇਰ ਬਾਅਦ ਇਕ ਸੀਟ ਖਾਲੀ ਹੋ ਗਈ। ਮੋਨੂੰ, ਚੰਦਾ ਅਤੇ ਦਾਦਾ ਜੀ ਉਸ ਤੇ ਬੈਠ ਗਏ।
ਸੀਟ ਤੇ ਬੈਠਦੇ ਹੀ ਦਾਦਾ ਜੀ ਨੇ ਬੱਚਿਆਂ ਨੂੰ ਕਿਹਾ- ਸ਼ਾਬਾਸ਼ ਬੱਚਿਓ! ਤੁਸੀ ਬਹੁਤ ਹੀ ਵਧੀਆ ਤਰੀਕੇ ਨਾਲ ਉਸ ਬੱਚੀ ਦੀ ਮਦਦ ਕੀਤੀ।
ਬੱਚਿਓ, ਸਾਨੂੰ ਇਸੇ ਤਰ੍ਹਾਂ ਹਰ ਲੋੜਵੰਦ ਵਿਅਕਤੀ ਦੀ ਮਦਦ ਲਈ ਹਮੇਸ਼ਾਂ ਤਿਆਰ ਰਹਿਣਾ ਚਾਹੀਦਾ ਹੈ।
ਪੁਸਤਕ ਮੇਲਾ
ਕੁਝ ਸਮੇਂ ਬਾਅਦ ਪੁਸਤਕ ਮੇਲੇ ਦਾ ਸਟਾਪ ਆ ਗਿਆ। ਉਹ ਸਾਰੇ ਖੁਸ਼ੀ-ਖੁਸ਼ੀ ਉਸ ਮੇਲੇ ਵੱਲ ਚੱਲ ਪਏ।

# ਬੁੱਧੀ ਦੀ ਪਰਖ

ਦੋਹਾਂ ਚਿਤੱਰਾਂ ਵਿਚੋਂ
10 ਅੰਤਰ ਲੱਭੋ!





kids Nirankari
spiritual dreamland for kids

# Spiritual Zone for kids



With the blessings of His Holiness
Experience online spiritual learning
with exciting and fun features
highlights our mission's message.
Visit regularly to watch tiny tots
excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share**
your talent
in form of
painting, poetry
& story



Registered with the Registrar of Newspaper For India Under RNI No. 32345/77 : Delhi Postal Regd. No. G-3/DL (N)/137/2018-20
: Licence No. U (DN)-60/2018-20
: Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਓ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011–47660200, E-mail : patrika@nirankari.org

**ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ**

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

**ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ**

| TAMIL | ORIYA | TELUGU | GUJRATI | KANNADA | BANGLA |
|---|---|---|---|---|---|
| Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830 | Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250 | Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879 | Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.) Ph. 22-24102047 | Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka) Ph. 080-26577212 | Sant Nirankari Satsang Bhawan, 884,G.T. Road, Laxmipur-2 East Bardhman—713101 Ph. 0342-2657219 |

**ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।**

Posted at NDPSO Prescribed dates 23rd & 24th. Date of Publication: 17th & 18th (Advance Month)